ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-12 ISSUE 2273 | 4 November, 2025 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਨੇਪਾਲ ਵਿੱਚ ਟੁੱਟਿਆ ਬਰਫ਼ ਦਾ ਪਹਾੜ 7 ਪਰਬਤਰੋਹੀਆਂ ਦੀ ਮੌਤ



**ਕਾਠਮੰਡੂ ਸਾਂਝੀ ਸੋਚ ਬਿਊਰੋ**

ਸੋਮਵਾਰ ਨੂੰ ਉੱਤਰ-ਪੂਰਬੀ ਨੇਪਾਲ ਵਿੱਚ ਯਾਲੁੰਗ ਰੀ 'ਤੇ ਇੱਕ ਬਰਫ਼ ਦਾ ਪਹਾੜ ਡਿੱਗਣ ਨਾਲ ਸੱਤ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਜ਼ਖਮੀ ਹੋ ਗਏ। ਇਹ ਹਾਦਸਾ 5,630 ਮੀਟਰ ਉੱਚੀ ਚੋਟੀ ਦੇ ਬੇਸ ਕੈਂਪ 'ਤੇ ਬਰਫ਼ ਦੇ ਤੋਦੇ ਡਿੱਗਣ ਨਾਲ ਵਾਪਰਿਆ। ਹਾਦਸੇ ਤੋਂ ਬਾਅਦ ਚਾਰ ਲੋਕ ਲਾਪਤਾ ਹਨ। ਬਾਗਮਤੀ ਸੂਬੇ ਦੀ ਰੋਲਵਾਲਿੰਗ ਘਾਟੀ ਵਿੱਚ ਸਥਿਤ ਦੋਲਖਾ ਜ਼ਿਲ੍ਹੇ ਦੀ ਪੁਲਿਸ ਅਨੁਸਾਰ ਮ੍ਰਿਤਕਾਂ ਵਿੱਚ ਤਿੰਨ ਅਮਰੀਕੀ, ਇੱਕ ਕੈਨੇਡੀਅਨ, ਇੱਕ ਇਤਾਲਵੀ ਅਤੇ ਦੋ ਨੇਪਾਲੀ ਨਾਗਰਿਕ ਸ਼ਾਮਲ ਹਨ।ਪੁਲਿਸ ਅਤੇ ਬਚਾਅ ਟੀਮਾਂ ਅਜੇ ਵੀ ਲਾਪਤਾ ਲੋਕਾਂ ਦੀ ਭਾਲ ਕਰ ਰਹੀਆਂ ਹਨ। ਨੇਪਾਲੀ ਵੈੱਬਸਾਈਟ ਹਿਮਾਲੀਅਨ ਟਾਈਮਜ਼ ਦੇ ਅਨੁਸਾਰ, ਹਾਦਸਾ ਸਵੇਰੇ 9 ਵਜੇ ਦੇ ਕਰੀਬ ਹੋਇਆ। 15 ਲੋਕਾਂ ਦੀ ਇੱਕ ਟੀਮ ਗੌਰੀਸ਼ੰਕਰ ਅਤੇ ਯਾਲੁੰਗ ਰੀ ਵੱਲ ਜਾ ਰਹੀ ਸੀ। ਇਸ ਦੌਰਾਨ, ਬਰਫ਼ ਦੇ ਤੋਦੇ ਨੇ ਉਨ੍ਹਾਂ ਨੂੰ ਬੇਸ ਕੈਂਪ ਦੇ ਨੇੜੇ ਹੀ ਆਪਣੀ ਲਪੇਟ 'ਚ ਲੈ ਲਿਆ।ਸਥਾਨਕ ਵਾਰਡ ਪ੍ਰਧਾਨ ਨਿੰਗਗੇਲੀ ਸ਼ੇਰਪਾ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ ਸਵੇਰ ਤੋਂ ਹੀ ਕਈ ਵਾਰ ਮਦਦ ਲਈ ਸਥਿਤੀ ਬਾਰੇ ਸੂਚਿਤ ਕੀਤਾ ਗਿਆ ਸੀ, ਪਰ ਬਚਾਅ ਕਾਰਜ ਦੇਰ ਨਾਲ ਸ਼ੁਰੂ ਹੋਇਆ। ਉਨ੍ਹਾਂ ਅੱਗੇ ਕਿਹਾ ਕਿ ਰੋਲਵਾਲਿੰਗ ਖੇਤਰ ਇੱਕ ਪਾਬੰਦੀਸ਼ੁਦਾ ਖੇਤਰ ਹੋਣ ਕਾਰਨ, ਹੈਲੀਕਾਪਟਰਾਂ ਨੂੰ ਉਡਾਣ ਦੀ ਇਜਾਜ਼ਤ ਪ੍ਰਾਪਤ ਕਰਨ ਵਿੱਚ ਦੇਰੀ ਹੋਈ, ਜਿਸ ਨਾਲ ਬਚਾਅ ਕਾਰਜ ਹੋਰ ਵੀ ਹੌਲੀ ਹੋ ਗਿਆ।ਪੁਲਿਸ ਦੇ ਅਨੁਸਾਰ, ਨੇਪਾਲ ਫੌਜ, ਨੇਪਾਲ ਪੁਲਿਸ ਅਤੇ ਹਥਿਆਰਬੰਦ ਪੁਲਿਸ ਬਲ ਨੂੰ ਖੋਜ ਅਤੇ ਬਚਾਅ ਕਾਰਜ ਵਿੱਚ ਤਾਇਨਾਤ ਕੀਤਾ ਗਿਆ ਹੈ। ਇੱਕ ਹੈਲੀਕਾਪਟਰ ਵੀ ਭੇਜਿਆ ਗਿਆ ਸੀ, ਪਰ ਖਰਾਬ ਮੌਸਮ ਕਾਰਨ, ਇਹ ਹਾਦਸੇ ਵਾਲੀ ਥਾਂ 'ਤੇ ਨਹੀਂ ਪਹੁੰਚ ਸਕਿਆ। ਯਾਲੁੰਗ ਰੀ ਨੇਪਾਲ-ਚੀਨ ਸਰਹੱਦ ਦੇ ਨੇੜੇ ਹੈ। ਇਸ ਖੇਤਰ ਨੂੰ ਘੱਟ ਭੀੜ-ਭੜੱਕੇ ਵਾਲਾ ਅਤੇ ਤਕਨੀਕੀ ਤੌਰ 'ਤੇ ਚੁਣੌਤੀਪੂਰਨ ਟ੍ਰੈਕਿੰਗ ਜ਼ੋਨ ਮੰਨਿਆ ਜਾਂਦਾ ਹੈ। ਵਿਦੇਸ਼ੀ ਯਾਤਰੀਆਂ ਨੂੰ ਇਸ ਖੇਤਰ ਵਿੱਚ ਟ੍ਰੈਕਿੰਗ ਕਰਨ ਲਈ ਵਿਸ਼ੇਸ਼ ਪਰਮਿਟ ਦੀ ਲੋੜ ਹੁੰਦੀ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Mann & Associates Insurance Services, Inc.
Medicare Supplement Plans
Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਗੁਰੂ ਨਾਨਕ ਦੇਵ ਜੀ ਮਹਾਰਾਜ- ਵਿਲੱਖਣ ਤੱਤ

ਜਨਮ ਤੇ ਸ਼ੁਰੂਆਤੀ ਜੀਵਨ:-

ਜਗਤ ਗੁਰੂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ, ਨਨਕਾਣਾ ਸਾਹਿਬ (ਪਾਕਿਸਤਾਨ) ਪਿੰਡ ਤਲਵੰਡੀ ਵਿੱਚ,ਪਿਤਾ ਕਲਿਆਣ ਚੰਦ ਦਾਸ ਬੇਦੀ (ਮਹਿਤਾ ਕਾਲੂ) ਤੇ ਮਾਤਾ ਤ੍ਰਿਪਤਾ ਦੇ ਘਰ ਹੋਇਆ। ਉਨਾਂ ਦੇ ਬਚਪਨ ਦੇ ਬਹੁਤ ਸਾਰੇ ਕੌਤਕ, ਸੱਚਾਈ,ਇਮਾਨਦਾਰੀ, ਇਨਸਾਨਿਅਤ , ਕਰਮ ਕਾਂਡਾਂ ਤੋਂ ਪਰੇ ਦੀ ਸੋਚ ,ਲੋੜਵੰਦਾਂ ਦੀ ਮਦਦ ਤੇ ਪਰਮਾਤਮਾ ਵੱਲ ਦੀ ਲੀਨਤਾ ਵਾਲਾ ਜਨਮ ਤੋਂ ਹੀ ਸੁਭਾਅ ਦੀ । ਉਨ੍ਹਾਂ ਦੇ ਇਨ੍ਹਾਂ ਗੁਣਾਂ ਸੰਬੰਧੀ ਲੱਗਭੱਗ ਸਾਰੀਆਂ ਸਾਖੀਆਂ ਤੋਂ ਆਪ ਸਭ ਭਲੀ ਭਾਂਤ ਜਾਣੂ ਹੋ। ਦੁਹਰਾਉਣ ਦਾ ਕੋਈ ਮਤਲਬ ਨਹੀਂ। ਬਾਬਾ ਜੀ ਕਿਸਾਨੀ ਨਾਲ ਸੰਬੰਧਿਤ ਸਨ। ਪੈਲੀਆਂ ਵਿੱਚ ਬਲਦਾਂ ਨਾਲ ਹਲ ਵੀ ਵਾਹਿਆ ਤੇ ਮੋਦੀਖਾਨੇ ਵਿੱਚ ਨੌਕਰੀ ਵੀ ਕੀਤੀ,ਪਰ ਉਨਾਂ ਦਾ ਮਨ ਦੁਨਿਆਵੀ ਕੁਰਾਹੀਆਂ ਨੂੰ ਰਾਂਹੇ ਪਾਉਣ ਦੀ ਚਾਹਤ ਨਾਲ ਨੇ ਦੁਨੀਆਂ ਵਿੱਚ ਵਿਚਰਨ ਵਾਲਾ ਚੁਨੌਤੀ ਭਰਭੂਰ ਮਾਰਗ ਚੁਣਿਆ । ਇਸ ਵਾਸਤੇ ਉਨਾਂ ਚਾਰ ਉਦਾਸੀਆਂ ਦਾ ਰਾਹ ਅਖਤਿਆਰ ਕੀਤਾ।

ਚਾਰ ਉਦਾਸੀਆਂ ਸੰਖੇਪ ਵਿੱਚ:--

ਉਦਾਸੀ ਤੋਂ ਭਾਵ ,ਦੁਨਿਆਵੀ ਘਰ ਗ੍ਰਹਿਸਥੀ ਤੋਂ ਉੱਪਰ ਉੱਠ ਕੇ ਪਰਮਾਤਮਾ ਦਾ ਇਲਾਹੀ ਸੁਨੇਹਾ ਲੋਕਾਂ ਤੱਕ ਪਹੁੰਚਾਉਣਾ। ਗੁਰੂ ਨਾਨਕ ਸਾਹਿਬ ਦੀਆਂ ਹਜ਼ਾਰਾਂ ਮੀਲਾਂ ਦੀਆਂ ,ਕੁਦਰਤੀ ਆਪਦਾਵਾਂ ਨਾਲ ਭਰੀਆਂ, ਜੰਗਲਾਂ, ਪਹਾੜਾਂ,ਨਦੀਆਂ ਨਾਲਿਆਂ, ਪਿੰਡਾਂ ਸਾਧਨ ਵਾਲੀਆਂ ਧੁੱਪਾਂ,ਮੀਂਹ ਹਨੇਰੀਆਂ,ਤੂਫ਼ਾਨਾਂ ,ਜੰਗਲੀ ਜਾਨਵਰਾਂ ਤੇ ਮਾਨਸ ਖਾਣੇ ਪਿਸ਼ਾਚਾਂ ਦੀਆਂ ਚੁਨੌਤੀਆਂ ਨਾਲ ਭਰੀਆਂ ਯਾਤਰਾਵਾਂ ,ਭੁੱਖਣ ਭਾਣੇ ਰਹਿਕੇ, ਸਾਡੇ ਜਿਹੇ ,ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਖਾਤਿਰ ਕੀਤੀਆਂ ਤੇ ਇਨਸਾਨਿਅਤ ਦੇ ਪਾਠ ਪੜ੍ਹਾਏ ਪਹਿਲੀ ਉਦਾਸੀ:-

ਗੁਰੂ ਨਾਨਕ ਦੇਵ ਜੀ ਮਹਾਰਾਜ, ਨੇ ਪਹਿਲੀ ਉਦਾਸੀ, ਆਪਣੀ 30 ਕੁ ਸਾਲ ਦੀ ਉਮਰ ਵਿੱਚ 1500 ਤੋਂ 1506 ਦੇ ਵਿੱਚ ਪੂਰਬ ਦਿਸ਼ਾ ਵੱਲ,ਸੁਲਤਾਨ ਪੁਰ ਲੋਧੀ ਤੋਂ ਸ਼ੁਰੂ ਕਰਕੇ,ਸੈਦਪੁਰ (ਐਮਨਾਬਾਦ) ਪਾਕਿਸਤਾਨ ਤੋਂ ਹੁੰਦੇ ਹੋਏ, ਤਲਵੰਡੀ (ਪਾਕਿਸਤਾਨ) ਕੁਰੂਕਸ਼ੇਤਰ,ਹਾਜੀਬਾਗ ਬਿਹਾਰ,ਪਟਨਾ ਸਾਹਿਬ,ਕਲਕੱਤਾ,ਜਗਨ ਨਾਥ ਪੁਰੀ ਉੜੀਸਾ ,ਗੰਗਾ ਤੱਟ ਤੇ ਬਹੁਤ ਸਾਰੇ ਹੋਰ ਧਾਰਮਿਕ ਸਥਾਨਾਂ ਤੋਂ ਹੁੰਦੇ ਹੋਏ ਮੁੜ ਤਲਵੰਡੀ ਸਮਾਪਤ ਕੀਤੀ।

ਦੂਜੀ ਉਦਾਸੀ:--

ਆਪਜੀ ਨੇ ਦੂਜੀ ਉਦਾਸੀ ਸੰਨ (1506-1513) ਨੂੰ ਸੁਲਤਾਨਪੁਰ ਲੋਧੀ ਤੋਂ ਦੱਖਣ ਭਾਰਤ ਵੱਲ ਦੀ ਕੀਤੀ। ਇਸ ਵਿੱਚ ਇਨਾਂ ਨਾਸਿਕ (ਮਹਾਰਾਸ਼ਟਰ) , ਉਜੈਨ, ਸੋਮਨਾਥ (ਗੁਜਰਾਤ) , ਰਾਮੇਸ਼ਵਰਮ (ਤਾਮਿਲਨਾਡੂ) ,ਕੇਰਲ ਤੇ ਸ਼੍ਰੀ ਲੰਕਾ ਤੱਕ ਪੈਦਲ ਯਾਤਰਾ ਕੀਤੀ।

ਤੀਸਰੀ ਉਦਾਸੀ:-

ਇਹ ਸਫ਼ਰ ਸੱਚੇ ਪਾਤਸ਼ਾਹ ਨੇ ਸੰਨ (1514-1518) ਵਿੱਚ ਭਾਰਤ ਤੋਂ ਉੱਤਰ ਪੂਰਬ ਦੇ ਖੇਤਰਾਂ ਵੱਲ ਕੀਤਾ। ਇਸ ਤਹਿਤ ਆਪਨੇ ਹਿਮਾਲਿਆ, ਜੰਮੂ ਕਸ਼ਮੀਰ, ਕਾਂਗੜਾ ਘਾਟੀ , ਹਿਮਾਚਲ ਪ੍ਰਦੇਸ਼ (ਹਿਮਾਚਲ) ,ਸੁੰਦਰ ਨਗਰ, ਸਿਰਮੌਰ, ਸ਼ਿਮਲਾ ,ਤਿੱਬਤ( ਮਾਨਸਰੋਵਰ) ਸਿੱਕਮ , ਚੀਨ ਤੇ ਨੇਪਾਲ ਦੇ ਬਰਫੀਲੇ ਖੇਤਰਾਂ ਤੱਕ ਕੀਤਾ।

ਚੌਥੀ ਉਦਾਸੀ:--

ਬਾਣੀ ਦੇ ਬੋਹਿਤ, ਸਤਿਗੁਰੂ ਦੀ ਚੌਥੀ ਯਾਤਰਾ ਆਪਣੇ ਪਿਆਰੇ ਸਾਥੀ ਮਰਦਾਨੇ ਨਾਲ,(1519-1521) ਦੌਰਾਨ ਉੱਤਰ ਪੱਛਮੀ ਦੇਸ਼ਾਂ ਵੱਲ ਦੀ ਸੀ। ਇਸ ਵਿੱਚ ਜ਼ਿਆਦਾਤਰ ਇਸਲਾਮਿਕ ਮੁਲਕ ਆਉਂਦੇ ਸਨ, ਜਿਵੇਂ, ਅਫ਼ਗਾਨਿਸਤਾਨ ਦੇ ਕਾਬੁਲ , ਕੰਧਾਰ, ਬਗਦਾਦ (ਇਰਾਕ) ,ਮੱਕਾ ਮਦੀਨਾ,ਮਸਕਟ, ,ਇਰਾਕ, ਤੇ ਬਹੁਤ ਸਾਰੇ ਮੱਧ ਪੂਰਬੀ ਦੇਸ। ਜਿਨਾਂ ਵਿੱਚ ਰਸ਼ੀਆ ਦੇ ਕੁਝ ਹਿੱਸੇ ਵੀ ਸ਼ਾਮਿਲ ਹਨ।

ਕੁਝ ਸਾਖੀਆਂ ਦਾ ਸੰਖੇਪ ਵਰਨਣ ਤੇ ਸਿੱਖਿਆਵਾਂ :--

ਉਂਜ ਤਾਂ ਪਹਿਲੇ ਪਾਤਸ਼ਾਹ ਦਾ ਸਾਰਾ ਜੀਵਨ ਹੀ ਸਾਖੀਆਂ ਨਾਲ ਭਰਪੂਰ ਹੈ,ਪਰ ਜ਼ਿਆਦਾਤਰ ਨੂੰ ਲੋਕ ਜਾਣਦੇ ਹੋਣ ਕਾਰਨ ਮੈਂ ਬਹੁਤ ਥੋੜੀਆਂ ਜਿਹੀਆਂ ਦਾ ਬਹੁਤ ਹੀ ਸੰਖੇਪ ਵਰਨਣ ਕਰਾਂਗੀ।

ਪਹਿਲੀ ਉਦਾਸੀ ਸੈਦਪੁਰ ਲਾਲੋ ਤੇ ਭਾਗੋ ਦੀ ਹਰਾਮ ਤੇ ਹਲਾਲ ਦੀ ਕਮਾਈ ਦੀ ਰੋਟੀ ਵਿੱਚੋਂ ਖੂਨ ਤੇ ਦੁੱਧ ਦਾ ਨਿਕਲਣਾ।

ਤਿੱਬਤ ਵਿੱਚ ਗੁਰੂ ਨਾਨਕ ਸਾਹਿਬ ਨੇ ਆਪਣੀ ਤੀਸਰੀ ਉਦਾਸੀ ਦੌਰਾਨ ,ਜੰਮੀ ਹੋਈ ਬਰਫ਼ ਕਾਰਣ ਪਸ਼ੂ ਪੰਛੀਆਂ ਦਾ ਪਾਣੀ ਬਗੈਰ ਪਿਆਸੇ ਮਰਨਾ ਦੇਖਕੇ, ਬਰਫ਼ ਉੱਪਰ ਡਾਂਗ ਮਾਰ ਪਾਣੀ ਕੱਢ ਦੇਣਾ ।ਦੇਖਦੇ ਹੀ ਦੇਖਦੇ ਇਥੇ ਝੀਲ ਦਾ ਬਣ ਜਾਣਾ, ਜਿਹੜੀ ਉਸਤੋਂ ਬਾਅਦ ਕਦੇ ਵੀ ਨਹੀਂ ਜੰਮਦੀ ਤੇ ਜਾਨਵਰ ਸਾਰਾ ਸਾਲ ਪਾਣੀ ਪੀਂਦੇ ਹਨ ਤੇ ਹੁਣ ਪਿਆਸ ਕਾਰਣ ਉਨਾਂ ਦੀ ਮੌਤ ਵੀ ਨਹੀਂ ਹੁੰਦੀ। ਇਸ ਝੀਲ ਨੂੰ “ਨਾਨਕ ਝੀਲ” ਵੀ ਕਿਹਾ ਜਾਂਦਾ ਹੈ ।

ਸੱਚੇ ਪਾਤਸ਼ਾਹ, ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਦੂਸਰੀ ਉਦਾਸੀ,ਜੋ ਕਿ ਦੱਖਣ ਭਾਰਤ ਵੱਲ ਦੀ ਸੀ, ਦੌਰਾਨ ਕੇਰਲਾ ਦੇ ਇੱਕ ਸਥਾਨ ਤੇ ਪਾਣੀ ਦੀ ਭਾਰੀ ਕਿੱਲਤ ਨੂੰ ਦੇਖਦਿਆਂ , ਜ਼ਮੀਨ ਉੱਪਰ ਲੱਤ ਮਾਰਕੇ ਪਾਣੀ ਦਾ ਝਰਨਾ ਕੱਢਿਆ ਤੇ ਲੰਕਾ ਦੇ ਰਾਜੇ ਤੇ ਰਾਣੀ ਨੂੰ ਆਪਣੀ ਰੂਹਾਨੀ ਬਾਣੀ ਕਾਰਨ ਪਰਮਾਤਮਾ ਦੀ ਲਗਨ ਲਗਾ ਦਿੱਤੀ।

ਇਸਤੋਂ ਇਲਾਵਾ ਬਾਬਾ ਜੀ ਨੇ ਉੜੀਸਾ ਤੇ ਕਾਂਗੜਾ ਮੰਦਰ ਵਿੱਚ ਲੋਕਾਂ ਨੂੰ ਕਰਮਾਂ ਕਾਂਡਾਂ ਨੂੰ ਛੱਡ ਅਸਲੀ ਆਰਤੀ ਦਾ ਰੂਪ ਸਮਝਾਇਆ ।

ਇਸ ਤੋਂ ਇਲਾਵਾ ਉਹ ਦੁਨੀਆਂ ਦੇ ਜਿਹੜੇ ਜਿਹੜੇ ਵੀ ਕੋਨੇ ਗਏ,ਉਨਾਂ ਭਟਕੇ,ਲੋਕਾਂ ਨੂੰ ਸੇਵਾ, ਸੱਚਾਈ,ਨੇਕੀ, ਨਿਮਰਤਾ ,ਕੂੜ ਤੋਂ ਦੂਰੀ,ਕਿਰਤ ਦੀ ਸਿੱਖਿਆ,ਮਨ ਦੀ ਸਵੱਛਤਾ, ਵਹਿਮਾਂ ਭਰਮਾਂ ,ਜਾਤ ਪਾਤ,ਝੂਠੇ ਧਾਰਮਿਕ ਰੀਤੀ,ਰਿਵਾਜਾਂ ,ਮੂਰਤੀ ਪੂਜਾ ,ਰੰਗ ਭੇਦ ,ਅੰਧਵਿਸ਼ਵਾਸਾਂ ਦਾ ਖੰਡਣ ਤੇ ੴ ਦਾ ਪਾਠ ਪੜ੍ਹਾਇਆ। ਇਸਦੇ ਨਾਲ ਨਾਲ ਸਿੱਖ ਧਰਮ ਦੀ ਨੀਂਹ ਰੱਖੀ,ਰੱਬ ਦੀ ਸਰਬਵਿਆਪਿਤਿਤਾ,ਤਪੱਸਿਆ,ਪਿਆਰ, ਏਕਤਾ ਆਦਿ ਨੂੰ ਜੀਵਨ ਵਿੱਚ ਉਤਾਰਣ ਦੀ ਪ੍ਰੇਰਣਾ ਦਿੱਤੀ।

ਭਾਸ਼ਾ ਤੇ ਪਹਿਰਾਵਾ :-

ਪਾਤਸ਼ਾਹਾਂ ਦੇ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਨਾਨਕ ਸਾਹਿਬ ਜਿਥੇ ਲੋਕਾਂ ਨੂੰ ਨਿਮਰਤਾ ਦਾ ਪਾਠ ਸਿਖਾਉਂਦੇ ਸਨ,ਉਥੇ ਹੀ ਇਸਨੂੰ ਆਪਣੇ ਜੀਵਨ ਵਿੱਚ ਵੀ ਅਮਲੀ ਜਾਮਾ ਪਹਿਨਾਉਂਦੇ ਸਨ। ਕਹਿਣ ਦਾ ਮਤਲਬ ਜਿਸ ਤਰਾਂ ਦੇ ਲੋਕਾਂ ਵਿੱਚ ਵਿਚਰਦੇ ਉਹੋ ਜਿਹੀ ਭਾਸ਼ਾ ਤੇ ਬਾਣਾ ਅਖਤਿਆਰ ਕਰਿਆ ਕਰਦੇ ਸਨ। ਜਿਵੇਂ ਕਿ ਆਪਜੀ,ਗੁਰਮੁਖੀ,ਬਰੱਜ, ਸੰਸਕ੍ਰਿਤ,ਫ਼ਾਰਸੀ, ਅਰਬੀ ਤੇ ਪ੍ਰਾਕ੍ਰਿਤ ਦੇ ਜਾਣੂ ਸਨ ,ਬਾਕੀ ਭਾਈ ਮਰਦਾਨਾ ਜੀ ਮੁਸਲਿਮ ਹੋਣ ਕਾਰਣ ਉਰਦੂ ਤੇ ਫਾਰਸੀ ਜਾਣਦੇ ਸਨ। ਇਸਦੇ ਨਾਲ ਨਾਲ ਬਾਬਾ ਜੀ ਦੇ ਭਾਵਾਂ ਵਿੱਚ ਰੂਹਾਨਿਅਤ ਵੱਸਦੀ ਸੀ, ਜਿਸਨੂੰ ਸੁਨਣ ਵਾਲਾ ਇਨਾਂ ਦੇ ਬਚਨ ਸਹਿਜੇ ਹੀ ਸਮਝ ਜਾਂਦਾ ਸੀ,ਇਸੇ ਤਰਾਂ ਆਪ ਜਿਥੇ ਜਾਂਦੇ,ਉਥੇ ਲੰਮਾ ਸਮਾਂ ਠਹਿਰਦੇ,ਲੋਕਾਂ ਦੇ ਮੇਲ ਮਿਲਾਪ ਨਾਲ ਭਾਸ਼ਾ ਦਾ ਅਦਾਨ ਪਰਦਾ ਹੋ ਜਾਂਦਾ।

ਬਾਕੀ ਅਰਬ ਦੇਸ਼ਾਂ ਵਿੱਚ ਫ਼ਕੀਰੀ ਚੋਗਾ, ਅਰਬੀ ਲਿਬਾਸ ਤੇ ਸ਼ੈਲੀ ਟੋਪੀ ਧਾਰਣ ਕਰਦੇ। ਇਸੇ ਤਰਾਂ ਉਨਾਂ ਨੂੰ ਵੱਖੋ ਵੱਖਰੇ ਥਾਂਵਾਂ ਤੇ ਵੱਖਰੇ ਨਾਵਾਂ ਨਾਲ ਪੁਕਾਰਿਆ ਗਿਆ ਜਿਵੇਂ ਬਗਦਾਦ ਵਿੱਚ,ਬਾਬਾ ਨਾਨਕ ਫ਼ਕੀਰ,ਚੀਨ ਵਿੱਚ ਰਿਪੂਜੀ,ਤਿੱਬਤ ਵਿੱਚ,ਨਾਨਕ ਲਾਮਾ ਤੇ ਸ਼੍ਰੀ ਲੰਕਾ ਵਿੱਚ ਨਾਨਕ ਚਰਨ ਦੇ ਨਾਵਾਂ ਨਾਲ ਨਵਾਜਿਆ ਗਿਆ।

ਮਹਾਰਾਜ ਜੀ ਬਾਣੀ ਵਿੱਚ ਪ੍ਰਭੂ ਭਗਤੀ ਦੀ ਅਸੀਮ ਗਹਿਰਾਈ

ਜਗਤ ਗੁਰੂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਕ੍ਰਿਤ ਬਾਣੀ ਵਿੱਚ ਪ੍ਰਭੂ ਪ੍ਰਤੀ ਜਿਥੇ ਭਰਪੂਰ ਵਿਗਾਸ ਤੇ ਗੁਰੂ ਦੀ ਮਹਿਮਾ ਉੱਤੇ ਜੋਰ ਦਿੱਤਾ ਹੈ, ਉਥੇ ਹੀ ਮਨੁੱਖ ਨੂੰ ਇੱਕ ਜੀਵ ਇਸਤ੍ਰੀ ਦੇ ਤੌਰ ਤੇ ਅਕਾਲ ਪੁਰਖ ਦੀ ਸੁਹਾਗਣ ਦੀ ਸੰਗਿਆ ਵੀ ਦਿੱਤੀ ਗਈ ਹੈ।ਪਵਿੱਤਰ ਬਾਣੀ ਨੂੰ ਉਹ ਬੇੜਾ (ਸਮੁੰਦਰੀ ਜਹਾਜ਼ ,ਬੋਹਿਤ) ਕਿਹਾ,ਜਿਹੜਾ ਜੀਵ ਨੂੰ ਦੁੱਖਾਂ ਭਰੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਦਾ ਹੈ,ਫਿਰ ਸੰਸਾਰ ਨੂੰ (ਵਿਕਾਰਾਂ ਕਾਰਨ) ਚਿੱਕੜ ਵੀ ਕਿਹਾ ਗਿਆ ਹੈ,ਜਿਸ ਵਿੱਚ ਮਨੁੱਖ ਬੁਰੀ ਤਰਾਂ ਫ਼ਸਿਆ ਹੈ,ਫਿਰ ਰਾਮ ਨਾਮ ਦੇ ਵਪਾਰ ਦੀ ਗੱਲ ਕੀਤੀ ਹੈ,ਦੋਗਲੇ ਲੋਕਾਂ (ਜੋ ਮਾਸ,ਮਦਿਰਾ,ਪਰਾਈ ਇਸਤ੍ਰੀ,ਭ੍ਰਿਸ਼ਟਾਚਾਰੀ) ਸੇਵਨ ਕਰਕੇ ਆਪਣੇ ਆਪਨੂੰ ਉੱਚ ਧਾਰਮਿਕ ਸਖਸ਼ੀਅਤਾਂ ਅਖਵਾਉਂਦੇ ਹਨ, ਦਾ ਵੀ ਖੁੱਲ ਕੇ ਜ਼ਿਕਰ ਹੈ।

ਅੱਗੇ ਨਿਰੰਕਾਰ ਨੂੰ ਆਪ ਹੀ ਭੋਗ ਭੋਗਣ ਵਾਲਾ,ਆਪ ਹੀ ਹਰ ਮਨੁੱਖ ਦੇ ਅੰਦਰ ਤੇ ਬਾਹਰ ਰਹਿਣ ਵਾਲਾ, ਸਰਬਵਿਆਪੀ,ਬੰਦੇ ਅੰਦਰ ਮਾੜੇ ਚੰਗੇ ਕਰਮ ਕਰਵਾਉਣ ਵਾਲਾ ਤੇ ਸਾਰੀ ਖੇਡ ਨੂੰ ਦੇਖਣ ਵਾਲਾ,ਹਰ ਜੀਵ ਦਾ ਸਹਾਰਾ ਦੀਨ ਦੁਖੀਆਂ ਨੂੰ ਚਮਤਕਾਰ ਕਰਕੇ ਟੇਕ ਦੇਣ ਵਾਲਾ,ਆਪੇ ਖਸਮ ,ਆਪੇ ਇਸਤ੍ਰੀ ਤੇ ਆਪ ਹੀ ਸੇਜ ਬਣਦਾ ਦੱਸਿਆ ਹੈ,ਆਪਣੇ ਅਵਗੁਣਾਂ ਦਾ ਖੁੱਲਕੇ ਬਖਿਆਨ ਕਰਦੇ ਹਨ।

ਦਾਤਾ ਜੀ ਭੁੱਲਾਂ ਬਖਸਣ ,ਉਪਰੋਕਤ ਨੂੰ ਸਾਰਥਕ ਕਰਦੇ ਆਪਜੀ ਦੀ ਬਾਣੀ ਦੀਆਂ ਕੁਝ ਵਨਗੀਆਂ -

“ਗੁਰੂ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ”॥

ਅਰਥ-ਹੇ ਭਾਈ! ਗੁਰੂ ਦੀ ਦਿੱਤੀ ਸੇਧ ਕਾਰਣ (ਬਾਣੀ ਤੇ ਪ੍ਰਭੂ ਭਗਤੀ ਨਾਲ) ਪਰਮਾਤਮਾ ਹਿਰਦੇ ਅੰਦਰ ਵੱਸਕੇ, ਤਨ ਮਨ ਨੂੰ (ਵਿਕਾਰਾਂ ਤੋਂ ਰਹਿਤ ਕਰਦਾ ਹੈ) ਭਾਵ ਨਿਰਮਲ ਕਰ ਦਿੰਦਾ ਹੈ।

ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ॥੧॥ ਰਹਾਉ ॥

ਅਰਥ ਹੇ ਭਾਈ! ਉਹ ਸਦਾ ਥਿਰ ਰਹਿਣ ਵਾਲਾ ਦਾਤਾ ਹੀ ਪੂਰਣ ਤੌਰ ਤੇ ਪਵਿੱਤਰ ਹੈ,ਬਾਕੀ ਅਸੀਂ ਸੰਸਾਰੀ ਜੀਵ ਤਾਂ ਮਾਇਆ ਦੀ ਮੈਲ ਨਾਲ ਅੱਟੇ ਹਾਂ। (ਇਸਲਈ ਹੇ ਭਾਈ ! ਆਤਮਿਕ ਸ਼ੁੱਧੀ ਲਈ ,ਉਸਦੀ ਸਿਫਤ ਸਲਾਹਿ ਨਾਲ ਮਨ ਜੋੜ)

ਹਾਕ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥੨॥

ਅਰਥ-ਹੇ ਜੀਵ!(ਮਨੁੱਖ) ਤੇਰੇ ਤਨ ਮਨ ਅੰਦਰ ਅਕਾਲ ਪੁਰਖ ਨੇ ਹੱਟੀ, ਵਿਹੜਾ,(ਥੜਾ) ਕਿਲ੍ਹਾ, ਕੋਠੀ ( ਦਾਣੇ ਰੱਖਣ ਵਾਲਾ ਛੋਟਾ ਕਮਰਾ)ਸਭ ਕੁਝ ਬਣਾਇਆ ਹੋਇਆ ਹੈ। ਬੱਸ ਤੂੰ ਇਸਨੂੰ ਉਸ ਸਦਾ ਥਿਰ ਪ੍ਰਭੂ ਦੇ ਨਾਮ ਦੇ ਵਪਾਰ ਲਈ ਵਰਤਣਾ ਹੈ।( ਭਾਵ,ਵਿਕਾਰ ਛੱਡਕੇ ਨਾਮ ਦੀ ਕਮਾਈ ਕਰ)।

ਕਸਿ ਕਸਵੱਟੀ ਲਾਈਐ ਪਰਖੇ ਹਿਤੁ ਚਿਤੁ ਲਾਇ॥

ਅਰਥ ਜਿਵੇਂ ਸੋਨੇ ਨੂੰ ਕਸਵੱਟੀ ਉੱਤੇ ਕੱਸਕੇ ਪਰਖਿਆ ਜਾਂਦਾ ਹੈ,ਉਵੇਂ ਹੀ ਕਰਤਾਰ ਵੀ,ਆਪਣੇ ਬੰਦਿਆਂ ਦੇ ਆਤਮਿਕ ਜੀਵਨ ਨੂੰ ਪਿਆਰ ਨਾਲ ਪਰਖਦਾ ਹੈ।(ਭਾਵ ਬੰਦਗੀ ਵਾਲੀਆਂ ਰੂਹਾਂ ਨੂੰ ਵੀ ਆਮ ਨਾਲੋਂ ਜ਼ਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ)।

ਮਛੂਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥

ਅਰਥ-ਮਹਾਰਾਜ ਬੜੀ ਹੀ ਗਹਿਰਾਈ ਵਿੱਚ ਜਾ ਕੇ , ਤੁਲਨਾਤਮਿਕ ਅੰਦਾਜ਼ ਰਾਹੀਂ ਬੰਦੇ ਨੂੰ ਮੱਛੀ ,ਖਾਰੇ ਗਹਿਰੇ ਸੰਸਾਰ ਸਮੁੰਦਰ ਤੇ ਵਿਕਾਰਾਂ ਰੂਪੀ ਜਾਲ ਦੇ ਸੰਦਰਭ ਨਾਲ ਸਮਝਾਉਂਦੇ ਹਨ।

ਬੰਦੇ ਨੂੰ ਜਾਨਕਾਰੀ ਨਹੀਂ ਕਿ ਉਸਦਾ ਜੀਵਨ ਕਿਸ ਤਰਾਂ ਮਾਇਆ ਜਾਲ ਵਿੱਚ ਫ਼ਸਿਆ ਹੈ। (ਆਪਜੀ ਦਾ ਸਪਸ਼ਟ ਇਸ਼ਾਰਾ ਜੀਵਨ ਦੀ ਨੁਹਾਰ ਨੂੰ ਗਲਤ ਕੰਮਾਂ (ਵਿਕਾਰਾਂ ਵੱਲੋਂ) ਮੋੜਕੇ ਸੱਚੇ ਪਾਤਸ਼ਾਹ ਦੇ ਨਾਮ ਲਗਨ ਵੱਲ ਲਾਉਣਾ ਹੈ,ਤਾਂ ਜੋ ਲੋਕ ਤੇ ਪ੍ਰਲੋਕ ਸੁਧਰ ਜਾਣ। ਜੋ ਜੀਵਨ ਦਾ ਅਸਲੀ ਮਕਸਦ ਹੈ।

ਅੰਤ ਵਿੱਚ ਅਰਦਾਸ ਹੈ, ਹੇ ਸਿੱਖੀ ਦੇ ਪਹਿਲੇ ਪਾਤਸ਼ਾਹ ਜੀਓ ! ਆਪ ਸਰਬਸਮਰੱਥ ਹੋ ? ਕੀ ਸੰਸਾਰ ਦੇ ਅੱਜ ਦੇ ਵਿਗੜਦੇ ਚਿਹਰੇ ਮੋਹਰੇ ਨੂੰ ਫਿਰ ਤੋਂ ਪਹਿਲਾਂ ਵਰਗਾ ਨਿਰਮਲ ਰੂਪ ਨਹੀਂ ਦੇ ਸਕਦੇ ??



ਨਰੇਸ਼ ਕੁਮਾਰੀ
ਨਿਊਜੀਲੈਂਡ
+642041755894

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


PACIFIC ATLANTIC
INSURANCE SERVICES INC.
AGENCY LIC# 6022536
ਕਿਸੇ ਵੀ ਤਰ੍ਹਾਂ ਦੀ insurance ਕਰਾਉਣ ਲਈ ਕਾਲ ਕਰੋ
ਅਸੀਂ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਾਂ
ਟਰੱਕਇੰਗ ਬਿਜ਼ਨਸ (ਟਰੱਕ /ਟ੍ਰੇਲਰ) ਦੀ ਇੰਸ਼ੋਰੈਂਸ
ਕਮਰਸ਼ੀਅਲ ਪ੍ਰਾਪਰਟੀ ਦੀ ਇੰਸ਼ੋਰੈਂਸ
ਕਾਰੋਬਾਰ ਦੀ ਇੰਸ਼ੋਰੈਂਸ
ਕਾਰ ਜਾਂ ਘਰ ਦੀ ਇੰਸ਼ੋਰੈਂਸ
ਅਸੀਂ Compatible ਰੇਟ ਦਿੰਦੇ ਹਾਂ, ਕਿਤੇ ਹੋਰ ਜਾਣ ਤੋਂ ਪਹਿਲਾ ਸਾਡੇ ਰੇਟ ਜਰੂਰ ਚੈੱਕ ਕਰੋ
ਅਤੇ Free QUOTE ਲਈ ਕਾਲ ਕਰੋ
ਸੰਪਰਕ ਕਰੋ
Farhan Ali
CLIENT RELATIONS MANAGER
Jessie Ghangas
BROKER AGENT CA LIC# 0171673
(916)800-9828
621 Houston Street W. Sacramento, CA 95691
OFFICE : (530)556-8004
Support@pacificatlanticsvs.com | www.pacificatlanticsvs.com
ਅਸੀਂ ਪੰਜਾਬੀ ਹਿੰਦੀ ਉਰਦੂ ਇੰਗਲਿਸ਼ ਅਤੇ ਸਪੇਨਿਸ਼ ਵਿਚ ਗੱਲ ਕਰ ਸਕਦੇ ਹਾਂ
VISIT US ON :


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and Post Cards to promote your business
Positive Vibes
BUSINESS CARD DESIGN
WE DESIGN YOUR BUSINESS CARD
COMPANY
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਮੈਰੀਲੈਂਡ ਦੀ ਕੰਪਟਰੋਲਰ ਬਰੂਕ ਲੀਅਰਮੈਨ ਵੱਲੋਂ ਟੈਕਸ ਮਸਲਿਆਂ 'ਤੇ ਮਹੱਤਵਪੂਰਨ ਮੀਟਿੰਗ ਦੀ ਅਗਵਾਈ ਕੀਤੀ

ਮੈਰੀਲੈਂਡ
ਸਾਂਝੀ ਸੋਚ ਬਿਊਰੋ

ਮੈਰੀਲੈਂਡ ਦੀ ਮਾਣਯੋਗ ਕੰਪਟਰੋਲਰ ਬਰੂਕ ਈ. ਲੀਅਰਮੈਨ ਦੀ ਅਗਵਾਈ ਹੇਠ ਇੱਕ ਮਹੱਤਵਪੂਰਨ ਮੀਟਿੰਗ ਹੋਈ ਜਿਸ ਵਿੱਚ ਰਾਜ ਦੇ ਟੈਕਸ ਨਾਲ ਸਬੰਧਤ ਵੱਖ-ਵੱਖ ਮਸਲਿਆਂ 'ਤੇ ਵਿਚਾਰ-ਚਰਚਾ ਕੀਤੀ ਗਈ।ਇਸ ਮੀਟਿੰਗ ਵਿੱਚ ਸੇਲਜ਼ ਟੈਕਸ, ਇਨਕਮ ਟੈਕਸ, ਟੈਕਸ ਰਿਟਰਨਸ ਤੇ ਟੈਕਸ ਕਰੈਡਿਟਸ ਨਾਲ ਜੁੜੇ ਸਾਰੇ ਵਿਭਾਗਾਂ ਦੇ ਡਾਇਰੈਕਟਰ ਹਾਜ਼ਰ ਸਨ। ਕੰਪਟਰੋਲਰ ਅਤੇ ਉਸ ਦੀ ਟੀਮ ਨੇ ਹਰ ਇੱਕ ਮਸਲੇ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਹੱਲ ਲਈ ਭਰੋਸਾ ਦਿੱਤਾ।

ਇੱਕ ਘੰਟੇ ਦੀ ਇਹ ਮੀਟਿੰਗ ਬਹੁਤ ਹੀ ਲਾਭਦਾਇਕ ਰਹੀ ਜਿਸ ਵਿੱਚ ਹਿੱਸੇਦਾਰਾਂ ਨੇ ਰਾਜ ਦੇ ਟੈਕਸ ਪ੍ਰਣਾਲੀ ਨੂੰ ਹੋਰ ਸੁਧਾਰਨ ਲਈ ਕੀਮਤੀ ਸੁਝਾਅ ਦਿੱਤੇ।

ਸੀ.ਪੀ.ਏ. ਸੁਰਿੰਦਰ ਸਿੰਘ ਰਾਹੇਜਾ ਨੇ ਵਪਾਰੀਆਂ ਨੂੰ ਆਉਂਦੀਆਂ ਸੇਲਜ਼ ਟੈਕਸ ਨਾਲ ਜੁੜੀਆਂ ਮੁਸ਼ਕਲਾਂ ਉੱਪਰ ਗੱਲ ਕੀਤੀ।

ਡਾ. ਸੁਰਿੰਦਰ ਸਿੰਘ ਗਿੱਲ, ਜੋ ਮੈਰੀਲੈਂਡ ਰਾਜ ਦੇ ਇੰਟਰਫੇਥ ਲੀਡਰ ਹਨ, ਨੇ ਗੈਰ-ਮੁਨਾਫ਼ਾ ਸੰਗਠਨਾਂ ਤੇ ਆਮਦਨ ਟੈਕਸ ਨਾਲ ਜੁੜੀਆਂ ਚੁਣੌਤੀਆਂ 'ਤੇ ਚਰਚਾ ਕੀਤੀ।ਦਵਿੰਦਰ ਸਿੰਘ ਗਿੱਲ, ਜੋ ਇੱਕ ਵਪਾਰੀ ਹਨ, ਨੇ ਛੋਟੇ ਕਾਰੋਬਾਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਆਪਣੇ ਵਿਚਾਰ ਰੱਖੇ।

ਮੀਟਿੰਗ ਦੇ ਅੰਤ 'ਤੇ ਕੰਪਟਰੋਲਰ ਲੀਅਰਮੈਨ ਨੇ ਭਰੋਸਾ ਦਿਵਾਇਆ ਕਿ ਉਹਦਾ ਵਿਭਾਗ ਵਿਸ਼ੇਸ਼ ਗਿਆਨ, ਸਮੁਦਾਇਕ ਆਗੂਆਂ ਅਤੇ ਟੈਕਸ ਪੇਅਰਾਂ ਨਾਲ ਮਿਲ ਕੇ ਰਾਜ ਦੀ ਟੈਕਸ ਪ੍ਰਣਾਲੀ ਨੂੰ ਹੋਰ ਸੁਧਾਰਣ ਲਈ ਲਗਾਤਾਰ ਕੰਮ ਕਰਦਾ ਰਹੇਗਾ।

ਡਾ. ਸੁਰਿੰਦਰ ਸਿੰਘ ਗਿੱਲ ਨੇ ਕਿਹਾ: "ਅਸੀਂ ਕੰਪਟਰੋਲਰ ਲੀਅਰਮੈਨ ਅਤੇ ਉਨ੍ਹਾਂ ਦੇ ਵਿਭਾਗ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਧੀਰਜ ਨਾਲ ਸਾਡੇ ਮਸਲੇ ਸੁਣੇ ਅਤੇ ਹੱਲ ਵੱਲ ਧਿਆਨ ਦਿੱਤਾ। ਇਹ ਖੁੱਲ੍ਹਾ ਸੰਵਾਦ ਸਰਕਾਰੀ ਵਿਭਾਗਾਂ ਅਤੇ ਜਨਤਾ ਵਿਚਕਾਰ ਵਿਸ਼ਵਾਸ ਮਜ਼ਬੂਤ ਕਰਦਾ ਹੈ।"

ਇਹ ਮੀਟਿੰਗ ਮੈਰੀਲੈਂਡ ਦੇ ਟੈਕਸ ਵਿਭਾਗ ਦੇ ਉਸ ਵਾਅਦੇ ਨੂੰ ਦੁਹਰਾਉਂਦੀ ਹੈ ਕਿ ਉਹ ਰਾਜ ਦੇ ਨਾਗਰਿਕਾਂ ਨਾਲ ਮਿਲ ਕੇ ਇੱਕ ਨਿਆਪੂਰਨ, ਪਾਰਦਰਸ਼ੀ ਅਤੇ ਲੋਕ-ਕੇਂਦ੍ਰਿਤ ਪ੍ਰਣਾਲੀ ਦੀ ਨਿਰਮਾਣ ਵੱਲ ਵਚਨਬੱਧ ਹੈ।

ਡਿਪਟੀ ਕੰਮਪਟੋਲਰ ਐਡੀ ਸਕਾਫੇਟ ਨੇ ਸਾਰੀ ਮੀਟਿੰਗ ਦਾ ਸੰਚਾਲਨ ਬਹੁਤ ਹੀ ਬਿਹਤਰ ਨਿਭਾਇਆ ਤੇ ਡਾਕਟਰ ਐਡੀ ਓਵਰਟਨ ਸਟੇਟ ਪਬਲਿਕ ਅਫੇਅਰ ਡਾਇਰੈਕਟਰ ਨੇ ਪੂਰੀ ਮੀਟਿੰਗ ਨੂੰ ਕਲਮਬੱਧ ਕੀਤਾ। ਉਹਨਾਂ ਭਰੋਸਾ ਦਿੱਤਾ ਕਿ ਅਜਿਹੀ ਮੀਟਿੰਗ ਮੁੜ ਟੈਕਸ ਸਾਲ ਤੋਂ ਪਹਿਲਾਂ ਫਿਰ ਕੀਤੀ ਜਾਵੇਗੀ।



# ਰੂਬੀ ਬਾਸੀ ਅਤੇ ਸਰਕਾਰ ਪ੍ਰੋਡਕਸ਼ਨ ਵੱਲੋਂ ਰੈਂਟਨ ਵਿਖੇ "ਮਾਂ ਦੀ ਪੈਨਸ਼ਨ" ਨਾਟਕ ਖੇਡਿਆ ਜਾਵੇਗਾ

ਵਾਸ਼ਿੰਗਟਨ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਪੰਜਾਬੀ ਸੱਭਿਆਚਾਰ ਰਿਸ਼ਤਿਆਂ-ਨਾਤਿਆਂ ਨਾਲ ਸ਼ਿੰਗਾਰਿਆ ਸੱਭਿਆਚਾਰ ਹੈ। ਜਿਸ ਵਿੱਚ ਹਰ ਰਿਸ਼ਤੇ ਦਾ ਮਾਣ ਸਤਿਕਾਰ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਰਿਸ਼ਤਿਆਂ ਵਿੱਚ ਨੋਕ-ਝੋਕ ਚਲਦੀ ਰਹਿੰਦੀ ਹੈ। ਜੋ ਪੰਜਾਬੀਆਂ ਦੇ ਸੁਭਾਅ ਵਿੱਚ ਜ਼ਿੰਦਾਦਿਲੀ ਦੀ ਨਿਸ਼ਾਨੀ ਹੈ। ਪਰ ਹੁਣ ਬਦਲਦੇ ਸਮੇਂ ਦੇ ਨਾਲ ਸਰਕਾਰੀ ਸਹੂਲਤਾਂ ਵੀ ਮਿਲਣ ਲੱਗੀਆਂ। ਜਿਨ੍ਹਾਂ ਵਿੱਚੋਂ ਇੱਕ ਸਰਕਾਰਾਂ ਦੁਆਰਾ ਔਰਤਾਂ ਨੂੰ ਪੈਨਸ਼ਨ ਦਾ ਲੱਗਣਾ ਵੀ ਖਾਸ ਗੱਲ ਹੈ। ਬੱਸ ਫਿਰ ਜਦ ਮਾਂ ਨੂੰ ਪੈਨਸ਼ਨ ਲੱਗਦੀ ਹੈ ਤਾਂ ਅੱਗੋਂ ਕੀ ਹੋਵੇਗਾ, ਇਸ ਦਿਲਚਸਪ ਅਤੇ ਮੰਨੋਰੰਜਨ ਭਰਪੂਰ ਵਿਸ਼ੇ ਦੇ ਬਣੇ ਨਾਟਕ "ਬੇਬੇ ਦੀ ਪੈਨਸ਼ਨ" ਨੂੰ ਦੇਖਣ ਲਈ 22 ਨਵੰਬਰ, 2025 (ਦਿਨ ਸ਼ਨੀਵਾਰ) ਨੂੰ "ਰੈਂਟਨ ਆਈਕੇਈਏ




ਪਰਫਾਰਮਿੰਗ ਆਰਟਸ ਸੈਂਟਰ" ਵਿਖੇ ਸ਼ਾਮ 7 ਵਜੇ ਪਹੁੰਚੋ। ਜਿਸ ਦਾ ਪਤਾ: 400 S 2ND ST, RENTON, WA 98057 ਹੈ। ਇਹ ਨਾਟਕ ਠੀਕ 7:30 ਵਜੇ ਸ਼ੁਰੂ ਹੋ ਜਾਵੇਗਾ। ਇਸ ਸੰਬੰਧੀ ਰੂਬੀ ਬਾਸੀ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਹ ਉਨ੍ਹਾਂ ਵੱਲੋਂ ਪਹਿਲੀ ਵਾਰ ਵੱਡੇ ਪੱਧਰ ਤੇ ਉਪਰਾਲਾ ਕੀਤਾ ਗਿਆ ਹੈ। ਇਹ ਨਾਟਕ ਕਾਮੇਡੀ ਨਾਲ ਭਰਪੂਰ ਪਰਿਵਾਰਕ ਹੈ ਜੋ ਤੁਹਾਨੂੰ ਬਹੁਤ ਚੰਗਾ ਲੱਗੇਗਾ।

ਹੱਸਣਾ ਤੰਦਰੁਸਤ ਜ਼ਿੰਦਗੀ ਲਈ ਬਹੁਤ ਜ਼ਰੂਰੀ ਹੈ, ਸੋ ਇਹ ਨਾਟਕ ਦੌਰਾਨ ਤੁਸੀਂ ਬਹੁਤ ਹੱਸੋਗੇ ਅਤੇ ਅੰਤ ਇੱਕ ਚੰਗੇ ਸੁਨੇਹੇ ਰਾਹੀਂ ਇਹ ਨਾਟਕ ਸਮਾਪਤ ਹੋਵੇਗਾ। ਇਸ ਸ਼ੋ ਦੇ ਸਾਰੇ ਪ੍ਰਬੰਧ ਵੀ ਮੁਕੰਮਲ ਕਰ ਲਏ ਗਏ ਹਨ। ਆਪਣੀਆਂ ਟਿਕਟਾਂ ਖਰੀਦਣ ਜਾਂ ਸੀਟਾਂ ਰਾਖਵੀਆਂ ਕਰਨ ਜਾਂ ਹੋਰ ਜਾਣਕਾਰੀ ਲਈ ਫੋਨ ਨੰਬਰ (206) 929-5302 'ਤੇ ਗੱਲ ਕੀਤੀ ਜਾ ਸਕਦੀ ਹੈ। ਪ੍ਰਬੰਧਕਾਂ ਵੱਲੋਂ ਸਮੂੰਹ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ ਇਸ ਨਾਟਕ ਨੂੰ ਦੇਖਣ ਜ਼ਰੂਰ ਆਉਣ। ਜਿਸ ਨਾਲ ਕਲਾਕਾਰਾਂ ਦਾ ਹੌਸਲਾ ਵਧੇਗਾ ਅਤੇ ਪ੍ਰਬੰਧਕਾਂ ਨੂੰ ਵੀ ਅਜਿਹੇ ਹੋਰ ਪ੍ਰੋਗਰਾਮ ਕਰਵਾਉਣ ਲਈ ਉਤਸ਼ਾਹ ਮਿਲੇਗਾ।

# ਉੱਤਰੀ ਕੋਰੀਆ ਦੇ ਸਾਬਕਾ ਰਾਸ਼ਟਰ ਮੁਖੀ ਕਿਮ ਯੋਂਗ ਨਾਮ ਦਾ ਦੇਹਾਂਤ

ਉਤਰੀ ਕੋਰੀਆ
ਸਾਂਝੀ ਸੋਚ ਬਿਊਰੋ

ਉੱਤਰੀ ਕੋਰੀਆ ਦੇ ਲੰਬੇ ਸਮੇਂ ਤੋਂ ਰਸਮੀ ਤੌਰ 'ਤੇ ਰਾਜ ਦੇ ਮੁਖੀ ਰਹੇ ਕਿਮ ਯੋਂਗ ਨਾਮ ਦਾ 97 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਸਰਕਾਰੀ ਮੀਡੀਆ ਦੇ ਅਨੁਸਾਰ, ਉਨ੍ਹਾਂ ਦੇ ਕਈ ਅੰਗ ਫ਼ੇਲ੍ਹ ਹੋ ਗਏ ਸਨ। ਕਿਮ ਯੋਂਗ ਨਾਮ ਉੱਤਰੀ ਕੋਰੀਆ ਦੀ ਸੁਪਰੀਮ ਪੀਪਲਜ਼ ਅਸੈਂਬਲੀ ਦੇ ਪ੍ਰੈਸੀਡੀਅਮ ਦੇ ਚੇਅਰਮੈਨ ਸਨ।

ਇਹ ਅਹੁਦਾ ਦੇਸ਼ ਦੇ ਨਾਮਾਤਰ ਰਾਜ ਮੁਖੀ ਕੋਲ ਹੁੰਦਾ ਹੈ। ਉਹ 1998 ਤੋਂ ਅਪ੍ਰੈਲ 2019 ਤੱਕ ਇਸ ਅਹੁਦੇ 'ਤੇ ਰਹੇ ਅਤੇ ਅਕਸਰ ਵਿਦੇਸ਼ੀ ਨੇਤਾਵਾਂ ਨਾਲ ਮੀਟਿੰਗਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰਦੇ ਦੇਖੇ ਗਏ। ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਉਨ੍ਹਾਂ ਦੇ ਸਰੀਰ ਨੂੰ ਸ਼ਰਧਾਂਜਲੀ ਦੇਣ ਅਤੇ ਸੰਵੇਦਨਾ ਪ੍ਰਗਟ ਕਰਨ ਲਈ ਗਏ। ਅੰਤਿਮ ਸੰਸਕਾਰ ਵੀਰਵਾਰ ਨੂੰ ਹੋਵੇਗਾ।



ਕਿਮ ਯੋਂਗ ਨਾਮ, ਕਿਮ ਜੋਂਗ ਉਨ ਦੇ ਪਰਿਵਾਰ ਨਾਲ ਸਬੰਧਤ ਨਹੀਂ ਸਨ, ਪਰ ਉਹ ਆਪਣੀ ਸਾਰੀ ਜ਼ਿੰਦਗੀ ਕਿਮ ਪਰਿਵਾਰ ਪ੍ਰਤੀ ਵਫ਼ਾਦਾਰ ਰਹੇ। ਇਸ ਵਫ਼ਾਦਾਰੀ ਨੇ ਉਨ੍ਹਾਂ ਨੂੰ ਦੋ ਦਹਾਕਿਆਂ ਤੱਕ ਇਸ ਉੱਚ ਅਹੁਦੇ 'ਤੇ ਰਹਿਣ ਵਿੱਚ ਮਦਦ ਕੀਤੀ।

1950-53 ਦੇ ਕੋਰੀਆਈ ਯੁੱਧ ਤੋਂ ਬਾਅਦ, ਉਹ ਸੱਤਾਧਾਰੀ ਵਰਕਰਜ਼ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹ 1978 ਵਿੱਚ ਪੋਲਿਟ ਬਿਊਰੋ ਦੇ ਮੈਂਬਰ ਬਣੇ ਅਤੇ 1983 ਵਿੱਚ ਵਿਦੇਸ਼ ਮੰਤਰੀ ਦਾ ਅਹੁਦਾ ਸੰਭਾਲਿਆ। ਇਸ ਸਮੇਂ ਦੌਰਾਨ, ਉਨ੍ਹਾਂ ਨੇ 15 ਸਾਲਾਂ ਤੱਕ ਵਿਦੇਸ਼ ਨੀਤੀ ਦੀ ਅਗਵਾਈ ਕੀਤੀ।ਸੋਵੀਅਤ ਯੂਨੀਅਨ ਦੇ ਢਹਿਣ ਅਤੇ ਅੰਤਰਰਾਸ਼ਟਰੀ ਅਲੱਗ-ਥਲੱਗਤਾ ਦੌਰਾਨ, ਉਨ੍ਹਾਂ ਨੇ ਤੀਜੀ ਦੁਨੀਆਂ ਦੇ ਦੇਸ਼ਾਂ ਨਾਲ ਸਬੰਧ ਬਣਾਈ ਰੱਖਣ ਵਿੱਚ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਨੇ 2012 ਵਿੱਚ ਈਰਾਨ ਵਿੱਚ ਹੋਏ ਨਾਮ ਸੰਮੇਲਨ ਸਮੇਤ ਗੈਰ-ਗਠਜੋੜ ਵਾਲੇ ਦੇਸ਼ਾਂ ਦੀਆਂ ਕਈ ਕਾਨਫਰੰਸਾਂ ਵਿੱਚ ਹਿੱਸਾ ਲਿਆ।

# ਟਰੱਕ ਪਲਟਣ ਕਾਰਨ ਤਿੰਨ ਲੋਕਾਂ ਦੀ ਮੌਤ, ਪੰਜ ਜ਼ਖਮੀ

ਹੇਲਮੰਡ
ਸਾਂਝੀ ਸੋਚ ਬਿਊਰੋ

ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਦੱਖਣੀ ਅਫਗਾਨਿਸਤਾਨ ਦੇ ਹੇਲਮੰਡ ਸੂਬੇ ਵਿੱਚ ਇੱਕ ਟਰੱਕ ਪਲਟਣ ਨਾਲ ਇੱਕ ਔਰਤ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਬੱਚਿਆਂ ਅਤੇ ਇੱਕ ਔਰਤ ਸਮੇਤ ਪੰਜ ਹੋਰ ਜ਼ਖਮੀ ਹੋ ਗਏ।ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਸ਼ਨੀਵਾਰ ਨੂੰ ਸੂਬਾਈ ਰਾਜਧਾਨੀ ਲਸ਼ਕਰ ਗਾਹ ਸ਼ਹਿਰ ਦੇ ਪੁਲਿਸ ਜ਼ਿਲ੍ਹਾ 10 ਦੇ ਬਾਹਰਵਾਰ ਲਾਪਰਵਾਹੀ ਨਾਲ ਡਰਾਈਵਿੰਗ ਕਾਰਨ ਇੱਕ ਪਰਿਵਾਰ ਨੂੰ ਲਿਜਾ ਰਿਹਾ ਟਰੱਕ ਪਲਟ ਗਿਆ। ਜਖਮੀਆਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ।ਇਸ ਤੋਂ ਪਹਿਲਾਂ, ਬੁੱਧਵਾਰ ਨੂੰ ਪੂਰਬੀ ਲਗਮਾਨ ਸੂਬੇ ਵਿੱਚ ਇੱਕ ਟਰੈਕਟਰ ਅਤੇ ਦੋ ਯਾਤਰੀ ਵਾਹਨਾਂ ਦੀ ਟੱਕਰ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ 18 ਹੋਰ ਜ਼ਖਮੀ ਹੋ ਗਏ ਸਨ। ਅਫਗਾਨਿਸਤਾਨ ਵਿੱਚ ਹਰ ਸਾਲ ਸੜਕ ਹਾਦਸੇ ਹਜ਼ਾਰਾਂ ਲੋਕਾਂ ਦੀ ਜਾਨ ਲੈਂਦੇ ਹਨ, ਮੁੱਖ ਤੌਰ 'ਤੇ ਲਾਪਰਵਾਹੀ ਨਾਲ ਡਰਾਈਵਿੰਗ, ਮਾੜੀ ਸੜਕੀ ਸਥਿਤੀ, ਤੇਜ਼ ਰਫ਼ਤਾਰ, ਓਵਰਲੋਡਿੰਗ, ਭੀੜ-ਭੜੱਕੇ ਵਾਲੇ ਹਾਈਵੇਅ ਅਤੇ ਸਹੀ ਟ੍ਰੈਫਿਕ ਸੰਕੇਤਾਂ ਦੀ ਘਾਟ ਕਾਰਨ। ਬਿਆਨ ਅਨੁਸਾਰ, ਲਾਪਰਵਾਹੀ ਨਾਲ ਗੱਡੀ ਚਲਾਉਣ ਨੂੰ ਹਾਦਸੇ ਦਾ ਮੁੱਖ ਕਾਰਨ ਦੱਸਿਆ ਗਿਆ ਹੈ।

# ARCPOINT LABS
## OF MANTECA

Accurate, Reliable, Confidential Testing.

**ਸਾਡੀਆਂ ਸੇਵਾਵਾਂ :**

DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA

**Health Checkups ਜਿਵੇਂ :**


Cholestrol Test


Heart Health


Thyroid Test


Diabetes Test


Food Allergy



Vitamin & Nutrient Test

**ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ**




**ਵਧੇਰੇ ਜਾਣਕਾਰੀ ਲਈ ਕਾਲ ਕਰੋ :**

**(209) 629-8282 | (209) 505-6384**

Address : 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਭਾਰਤ ਨੇ ਅਫਗਾਨਿਸਤਾਨ ਵਿੱਚ ਭੁਚਾਲ ਪ੍ਰਭਾਵਿਤ ਪਰਿਵਾਰਾਂ ਨੂੰ ਪਹੁੰਚਾਈ ਭੋਜਨ ਸਮੱਗਰੀ

ਕਾਬੁਲ
ਸਾਂਝੀ ਸੋਚ ਬਿਊਰੋ



ਭਾਰਤ ਨੇ ਸੋਮਵਾਰ ਨੂੰ ਬਲਖ, ਸਮਾਨਗਨ ਅਤੇ ਬਗਲਾਨ ਪ੍ਰਾਂਤਾਂ ਵਿੱਚ ਆਏ ਭੂਚਾਲ ਕਾਰਨ ਅਫਗਾਨਿਸਤਾਨ ਵਿੱਚ ਪ੍ਰਭਾਵਿਤ ਪਰਿਵਾਰਾਂ ਨੂੰ ਭੋਜਨ ਸਮੱਗਰੀ ਪਹੁੰਚਾਈ। ਵਿਦੇਸ਼ ਮੰਤਰਾਲੇ (ਐਮਈਏ) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਐਕਸ 'ਤੇ ਪੋਸਟ ਕੀਤਾ ਅਫ਼ਗਾਨ ਲੋਕਾਂ ਨੂੰ ਆਪਣਾ ਸਮਰਥਨ ਦੁਹਰਾਉਂਦੇ ਹੋਏ, ਭਾਰਤ ਭੂਚਾਲ ਤੋਂ ਪ੍ਰਭਾਵਿਤ ਪਰਿਵਾਰਾਂ ਲਈ ਭੋਜਨ ਸਮੱਗਰੀ ਪਹੁੰਚਾਉਂਦਾ ਹੈ। ਉੱਤਰੀ ਅਫਗਾਨਿਸਤਾਨ ਦੇ ਖੇਤਰਾਂ ਵਿੱਚ ਆਏ 6.3 ਤੀਬਰਤਾ ਦੇ ਭੂਚਾਲ ਤੋਂ ਬਾਅਦ 20 ਤੋਂ ਵੱਧ ਲੋਕਾਂ ਦੀ ਮੌਤ ਗਈ ਗਈ, ਜਦਿਕ ਸੈਂਕੜੇ ਹੋਰ ਜ਼ਖਮੀ ਹੋਣ ਗਏ। ਅਜਿਹੇ ਵਿੱਚ ਭਾਰਤ ਵੱਲੋਂ ਭੂਚਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਇਹ ਸਮੱਗਰੀ ਪਹੁੰਚਾਈ ਗਈ ਹੈ। ਇਸ ਤੋਂ ਪਹਿਲਾਂ ਦਿਨ ਵਿੱਚ, ਵਿਦੇਸ਼ ਮੰਤਰੀ (ਈਏਐਮ) ਐਸ ਜੈਸ਼ੰਕਰ ਨੇ ਆਪਣੇ ਅਫਗਾਨਿਸਤਾਨ ਦੇ ਹਮਰੁਤਬਾ ਮੌਲਵੀ ਅਮੀਰ ਖਾਨ ਮੁਤਕੀ ਨਾਲ ਭੂਚਾਲ ਵਿੱਚ ਹੋਏ ਜਾਨੀ ਨੁਕਸਾਨ 'ਤੇ ਸੰਵੇਦਨਾ ਪ੍ਰਗਟ ਕਰਨ ਲਈ ਗੱਲ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਰਾਹਤ ਸਮੱਗਰੀ ਭੂਚਾਲ ਪ੍ਰਭਾਵਿਤ ਲੋਕਾਂ ਨੂੰ ਸੌਂਪ ਦਿੱਤੀ ਜਾਵੇਗੀ ਅਤੇ ਹੋਰ ਸਪਲਾਈ ਜਲਦੀ ਹੀ ਉੱਥੇ ਪਹੁੰਚ ਜਾਵੇਗੀ। ਉਨ੍ਹਾਂ ਦੀ ਗੱਲਬਾਤ ਤੋਂ ਬਾਅਦ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਯ 'ਤੇ ਇੱਕ ਪੋਸਟ ਵਿੱਚ ਲਿਖਿਆ, ਅੱਜ ਦੁਪਹਿਰ ਨੂੰ ਬਲਖ, ਸਮਾਨਗਨ ਅਤੇ ਬਗਲਾਨ ਪ੍ਰਾਂਤਾਂ ਵਿੱਚ ਆਏ ਭੂਚਾਲ ਵਿੱਚ ਹੋਏ ਜਾਨੀ ਨੁਕਸਾਨ 'ਤੇ ਸੰਵੇਦਨਾ ਪ੍ਰਗਟ ਕਰਨ ਲਈ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ ਮੌਲਵੀ ਅਮੀਰ ਖਾਨ ਮੁਤੱਕੀ ਨੂੰ ਫ਼ੋਨ ਕੀਤਾ। ਭੂਚਾਲ ਪ੍ਰਭਾਵਿਤ ਭਾਈਚਾਰਿਆਂ ਲਈ ਭਾਰਤੀ ਰਾਹਤ ਸਮੱਗਰੀ ਅੱਜ ਸੌਂਪੀ ਜਾ ਰਹੀ ਹੈ। ਜਲਦੀ ਹੀ ਦਵਾਈਆਂ ਦੀ ਹੋਰ ਸਪਲਾਈ ਪਹੁੰਚ ਜਾਵੇਗੀ।

# ਪਾਕਿਸਤਾਨ ਕਰ ਰਿਹਾ ਪ੍ਰਮਾਣੂ ਪ੍ਰੀਖਣ: ਰੂਸ ਚੀਨ ਅਤੇ ਕੋਰੀਆ ਵਿੱਚ ਵੀ ਹੋ ਰਹੇ ਪ੍ਰੀਖਣ: ਟਰੰਪ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਪਾਕਿਸਤਾਨ ਪ੍ਰਮਾਣੂ ਪ੍ਰੀਖਣ ਕਰ ਰਿਹਾ ਹੈ। ਉਨ੍ਹਾਂ ਨੇ ਐਤਵਾਰ ਨੂੰ ਸੀਬੀਐਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਇਹ ਬਿਆਨ ਦਿੱਤਾ। ਟਰੰਪ ਨੇ ਕਿਹਾ ਕਿ ਅਮਰੀਕਾ ਨੂੰ ਵੀ ਪ੍ਰਮਾਣੂ ਪ੍ਰੀਖਣ ਦੁਬਾਰਾ ਸ਼ੁਰੂ ਕਰਨ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ ਕੋਲ ਦੁਨੀਆ ਨੂੰ 150 ਵਾਰ ਤਬਾਹ ਕਰਨ ਲਈ ਕਾਫ਼ੀ ਪਰਮਾਣੂ ਹਥਿਆਰ ਹਨ, ਪਰ ਰੂਸ ਅਤੇ ਚੀਨ ਦੀਆਂ ਗਤੀਵਿਧੀਆਂ ਕਾਰਨ ਪ੍ਰੀਖਣ ਜ਼ਰੂਰੀ ਹੈ।


ਜਦੋਂ ਟਰੰਪ ਨੂੰ ਪੁੱਛਿਆ ਗਿਆ, "ਜੇਕਰ ਉੱਤਰੀ ਕੋਰੀਆ ਤੋਂ ਇਲਾਵਾ ਕੋਈ ਵੀ ਪ੍ਰਮਾਣੂ ਪ੍ਰੀਖਣ ਨਹੀਂ ਕਰ ਰਿਹਾ ਹੈ, ਤਾਂ ਤੁਸੀਂ ਉਨ੍ਹਾਂ ਨੂੰ ਕਿਉਂ ਕਰ ਰਹੇ ਹੋ?" ਟਰੰਪ ਨੇ ਜਵਾਬ ਦਿੱਤਾ, "ਰੂਸ, ਪਾਕਿਸਤਾਨ ਅਤੇ ਚੀਨ ਵੀ ਗੁਪਤ ਪ੍ਰੀਖਣ ਕਰ ਰਹੇ ਹਨ, ਪਰ ਦੁਨੀਆ ਨੂੰ ਪਤਾ ਨਹੀਂ ਹੈ।" ਟਰੰਪ ਨੇ ਪਹਿਲਾਂ ਹੀ ਰੱਖਿਆ ਵਿਭਾਗ (ਪੈਂਟਾਗਨ) ਨੂੰ ਤੁਰੰਤ ਪ੍ਰਮਾਣੂ ਹਥਿਆਰਾਂ ਦੀ ਪ੍ਰੀਖਣ ਸ਼ੁਰੂ ਕਰਨ ਦਾ ਹੁਕਮ ਦੇ ਦਿੱਤਾ ਹੈ।

ਟਰੰਪ ਨੇ ਫਿਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਨੂੰ ਰੋਕਣ ਵਿੱਚ ਵੱਡੀ ਭੂਮਿਕਾ ਨਿਭਾਈ। ਟਰੰਪ ਨੇ ਕਿਹਾ, ਭਾਰਤ ਅਤੇ ਪਾਕਿਸਤਾਨ ਪ੍ਰਮਾਣੂ ਯੁੱਧ ਦੇ ਕੰਢੇ 'ਤੇ ਸਨ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਖੜ੍ਹੇ ਹੋ ਕੇ ਕਿਹਾ... ਜੇਕਰ ਮੈਂ ਦਖਲ ਨਾ ਦਿੱਤਾ ਹੁੰਦਾ, ਤਾਂ ਲੱਖਾਂ ਲੋਕ ਮਾਰੇ ਜਾਂਦੇ। ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਦਖਲ ਤੋਂ ਬਾਅਦ ਹੀ ਸਥਿਤੀ ਸ਼ਾਂਤ ਹੋਈ ਅਤੇ ਦੋਵਾਂ ਦੇਸ਼ਾਂ ਵਿਚਕਾਰ ਲੜਾਈ ਨਹੀਂ ਵਧੀ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਉਨ੍ਹਾਂ ਨੇ ਇਹ ਦਾਅਵਾ ਕੀਤਾ ਹੈ; ਉਹ ਹੁਣ ਤੱਕ 70 ਤੋਂ ਵੱਧ ਵਾਰ ਅਜਿਹਾ ਕਰ ਚੁੱਕੇ ਹਨ।

ਪਿਛਲੇ ਹਫ਼ਤੇ, ਟਰੰਪ ਨੇ ਦੱਖਣੀ ਕੋਰੀਆ ਵਿੱਚ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ 'ਤੇ 250% ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ। ਦੋ ਦਿਨ ਬਾਅਦ, ਦੋਵਾਂ ਧਿਰਾਂ ਨੇ ਫੋਨ ਕਰਕੇ ਜੰਗਬੰਦੀ 'ਤੇ ਸਹਿਮਤੀ ਜਤਾਈ।

# ਭੂਚਾਲ ਦੇ ਜ਼ਬਰਦਸਤ ਝਟਕਿਆ ਨਾਲ ਦਹਿਲਿਆ ਅਫਗਾਨਿਸਤਾਨ, 7 ਲੋਕਾਂ ਦੀ ਮੌਤ

ਕਾਬੁਲ
ਸਾਂਝੀ ਸੋਚ ਬਿਊਰੋ




ਅੱਜ ਸਵੇਰ ਅਫਗਾਨਿਸਤਾਨ ਵਿੱਚ ਭੂਚਾਲ ਦੇ ਜ਼ਬਰਦਸਤ ਝਟਕੇ ਮਹਿਸੂਸ ਕੀਤੇ ਗਏ। ਅਮਰੀਕੀ ਭੂ-ਵਿਗਿਆਨਕ ਸਰਵੇਖਣ ਦੇ ਅਨੁਸਾਰ, ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 6.3 ਮਾਪੀ ਗਈ। ਭੁਚਾਲ ਦੌਰਾਨ ਕੁਝ ਲੋਕਾਂ ਦੀ ਮੌਤ ਦੀ ਵੀ ਖਬਰ ਹੈ।

ਅਮਰੀਕੀ ਭੂ-ਵਿਗਿਆਨਕ ਸਰਵੇਖਣ ਦੇ ਅਨੁਸਾਰ, ਭੂਚਾਲ ਦਾ ਕੇਂਦਰ ਮਜ਼ਾਰ-ਏ-ਸ਼ਰੀਫ ਸ਼ਹਿਰ ਦੇ ਨੇੜੇ, ਜ਼ਮੀਨੀ ਪੱਧਰ ਤੋਂ ਲਗਭਗ 28 ਕਿਲੋਮੀਟਰ ਹੇਠਾਂ ਸੀ। ਮਜ਼ਾਰ-ਏ-ਸ਼ਰੀਫ ਬਾਲਖ ਸੂਬੇ ਦੀ ਰਾਜਧਾਨੀ ਹੈ ਅਤੇ ਅਫਗਾਨਿਸਤਾਨ ਦੇ ਸਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ। ਗਵਰਨਰ ਦੇ ਬੁਲਾਰੇ ਹਾਜੀ ਜ਼ੈਦ ਨੇ ਕਿਹਾ ਕਿ ਹੁਣ ਤੱਕ ਘੱਟੋ-ਘੱਟ ਸੱਤ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। 150 ਤੋਂ ਵੱਧ ਲੋਕ ਜ਼ਖਮੀ ਹੋਏ ਹਨ, ਅਤੇ ਕਈ ਥਾਵਾਂ 'ਤੇ ਘਰਾਂ ਅਤੇ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ। ੂਸ਼ਘਸ਼ ਦਾ ਅਨੁਮਾਨ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਸੈਂਕੜੇ ਤੱਕ ਵੱਧ ਸਕਦੀ ਹੈ। ਭੂਚਾਲ ਦੇ ਝਟਕੇ ਤਜ਼ਾਕਿਸਤਾਨ, ਉਜ਼ਬੇਕਿਸਤਾਨ ਅਤੇ ਤੁਰਕਮੇਨਿਸਤਾਨ ਵਿੱਚ ਵੀ ਮਹਿਸੂਸ ਕੀਤੇ ਗਏ।

## ਨਾਮ ਦੀ ਬਦਲੀ

ਮੈਂ ਨਮਿਕਾ ਪਤਨੀ ਅਰਜੁਨ ਸਿੰਘ 10162 Park Circle W, Apt. 4, Cupertino,CA 95014 USA ਦੀ ਰਹਿਣ ਵਾਲੀ ਹਾਂ ਅਤੇ ਹੁਣ ਮੈਂ ਆਪਣਾ ਨਾਮ ਬਦਲ ਕੇ ਨਮਿਕਾ ਨਮਿਕਾ ਰੱਖ ਲਿਆ ਹੈ। ਸਾਰੇ ਸਬੰਧਿਤ ਨੋਟ ਕਰਨ।

## CHANGE OF NAME

I,Namika W/o Arjun Singh R/o 10162 Park Circle W, Apt. 4, Cupertino,CA 95014 USA. Now I have changed my name from Namika to Namika Namika. All concerned please note.




EXIT
EXIT REALTY CONSULTANTS
150 W.Yosemite Ave.,Manteca ,CA ,95336
ਵਪਾਰਕ, ਰਿਹਾਇਸ਼ੀ, ਉਦਯੋਗਿਕ, ਖੇਤੀਬਾੜੀਜ਼ਮੀਨਾਂ
(ਘਰ , ਖਾਲੀ ਜ਼ਮੀਨ ,ਫਾਰਮ ,ਸਟੇਸ਼ਨ )
ਵਾਜਬ ਰੇਟਾਂ ਤੇ ਵੇਚਣ ਜਾਂ ਖਰੀਦਣ ਲਈ
ਇਮਾਨਦਾਰ ਅਤੇ ਭਰੋਸੇਮੰਦ ਸੇਵਾਵਾਂ ਲਈ ਮਿਲੋ
Raman Bassi
Realtor DRE # 02162139
ਵਧੇਰੇ ਜਾਣਕਾਰੀ ਲਈ ਕਾਲ ਕਰੋ
Cell : 510-432-8122
Office : 209-823-1234
www.RamanBassi.EXITHOME.COM
RBassi@EXITHOME.com

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਹਿਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


SIKH GURDWARA - SAN JOSE
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਪ੍ਰਭਾਤ ਫੇਰੀਆਂ
ਸ਼ੁਰੂਆਤ Gurdwara San Jose ਵੱਲੋਂ
ਸੋਮਵਾਰ, 27 ਅਕਤੂਬਰ 2025 ਤੋਂ ਕੀਤੀ ਜਾ ਰਹੀ ਹੈ।
ਸਾਰੀ ਸੰਗਤ ਨੂੰ ਬੇਨਤੀ ਹੈ ਕਿ ਹਰ ਰੋਜ਼ ਸਵੇਰੇ 4:30 ਤੋਂ 5:30 ਵਜੇ ਤੱਕ
ਹੋਣ ਵਾਲੀਆਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋ ਕੇ ਗੁਰਬਾਣੀ ਦਾ ਆਨੰਦ ਮਾਣੋ।
ਇਹ ਪ੍ਰਭਾਤ ਫੇਰੀਆਂ ਦਸ ਦਿਨਾਂ ਤੱਕ ਨਿਰੰਤਰ ਚੱਲਦੀਆਂ ਰਹਿਣਗੀਆਂ, ਤੇ
ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਮਨਾਇਆ ਜਾਵੇਗਾ।
ਉਸ ਦਿਨ Gurdwara San Jose ਵਿਖੇ ਗੁਰਬਾਣੀ ਕੀਰਤਨ ਸਮਾਗਮ ਹੋਵੇਗਾ।
ਆਓ ਸੰਗਤ ਜੀ, ਪ੍ਰੇਮ ਤੇ ਸ਼ਰਧਾ ਨਾਲ ਹਾਜ਼ਰੀ ਭਰ ਕੇ
ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ।

# ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਹੋਈ

ਬਰਨਾਲਾ
ਅਸ਼ੋਕ ਪੁਰੀ

ਬੀਤੇ ਦਿਨ ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਸ਼੍ਰੀ ਨੈਣਾ ਦੇਵੀ ਮੰਦਰ ਧਰਮਸ਼ਾਲਾ ਸਾਹਮਣੇ ਬੱਸ ਸਟੈਂਡ ਸੰਗਰੂਰ ਵਿਖੇ ਹੋਈ। ਮੀਟਿੰਗ ਦੇ ਆਰੰਭ ਵਿੱਚ ਇਸ ਮਹੀਨੇ ਵਿਛੜੇ ਸਾਥੀਆਂ (ਸ੍ਰੀ ਰਾਜ ਕੁਮਾਰ, ਬੇਅੰਤ ਸਿੰਘ ਅਤੇ ਮਾਸਟਰ ਪ੍ਰਮਵੇਦ ਮੰਡਵੀ ਦੇ ਵੱਡੇ ਭਰਾ) ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਜੇਰੇ ਇਲਾਜ਼ ਸਾਥੀ ਪੀਸੀ ਬਾਘਾ (ਪਾਰਸ ਹਸਪਤਾਲ, ਪੰਚਕੂਲਾ) ਦੀ ਜਲਦੀ ਤੰਦਰੁਸਤੀ ਦੀ ਕਾਮਨਾ ਕੀਤੀ ਗਈ। ਸ਼ਿਵ ਨਰਾਇਣ ਨੇ ਇਸ ਮਹੀਨੇ ਦੇ ਕਾਫੀ ਤਿਉਹਾਰਾਂ ਦੀ ਮਹਤੱਤਾ ਅਤੇ ਇਤਿਹਾਸਿਕ ਦਿਨ ਸ੍ਰੀ ਬਾਲਮੀਕੀ ਜਯੰਤੀ, ਗਾਂਧੀ ਜਯੰਤੀ, ਲਾਲ ਬਹਾਦੁਰ ਸ਼ਾਸ਼ਤਰੀ ਜੀ ਦੇ ਜਨਮ ਦਿਨ, ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ, ਭਸ਼ਂਲ ਸਿਲਵਰ ਜੁਬਲੀ, ਵਿਸ਼ਵ ਮਾਨਸਿਕ ਸਿਹਤ ਦਿਵਸ, ਵਿਸ਼ਵ ਅਧਿਆਪਕ ਦਿਵਸ, ਵਰਲਡ ਸਿੰਗਲ ਗਰਲ ਚਾਈਲਡ ਡੇਅ ਅਤੇ ਵਰਲਡ arthritis day ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਕਾਮਰੇਡ ਰਘਵੀਰ ਸਿੰਘ ਛਾਜਲੀ ਨੇ 3ਰਦ ਪੀਆਰਸੀ ਬਾਰੇ ਜਾਣਕਾਰੀ ਦਿੱਤੀ ਅਤੇ ਹਾਲ ਹੀ ਵਿੱਚ ਪੁਲੀਸ ਦੇ ਇਕ ਉੱਚ ਅਧਿਕਾਰੀ ਉਪਰ ਸੀਬੀਆਈ ਦੇ ਸ਼ਿਕੰਜੇ ਨਾਲ ਭ੍ਰਿਸ਼ਟ ਤੰਤਰ ਦੇ ਬੇ ਨਕਾਬ ਹੋਣ ਤੇ ਪੁਲਿਸ ਤੰਤਰ ਵਿੱਚ ਇਸ ਤਰ੍ਹਾਂ ਦੀ ਪ੍ਰਵਿਰਤੀ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਅਤੇ ਵਾਈ. ਪੂਰਨ ਕੁਮਾਰ ਆਈਪੀਐਸ ਦੇ ਖੁਦਕੁਸ਼ੀ ਦੇ ਕਾਰਨਾਂ ਦੇ ਬੇਨਕਾਬ ਹੋਣ ਤੇ ਪੁਲਸ ਤੰਤਰ ਅਤੇ ਰਾਜਨੀਤਿਕ ਗਠਜੋੜ ਹੋਣ ਦੀ ਪ੍ਰਵਿਰਤੀ ਦੀ ਆਲੋਚਣਾ ਕੀਤੀ।

ਸੁਰਿੰਦਰ ਪਾਲ ਨੇ ਤਰਕਸ਼ੀਲ ਸੋਸਾਇਟੀ ਸੰਗਰੂਰ ਵੱਲੋਂ ਇਸ ਮਹੀਨੇ ਕਰਵਾਏ ਗਏ ਚੇਤਨਾ ਪਰਖ਼ ਪ੍ਰੀਖਿਆ ਦੌਰਾਨ ਸੇਵਾਵਾਂ ਦੇਣ ਲਈ ਸ਼ਿਵ ਚਰਨ ਦਾਸ ਅਤੇ ਅਸ਼ਵਨੀ ਕੁਮਾਰ ਦੀ ਸ਼ਲਾਘਾ ਕੀਤੀ। ਸ਼ਾਮ ਸੁੰਦਰ ਕਕੜ ਨੇ ਹੜ੍ਹ ਪੀੜ੍ਹਤ ਇਲਾਕਿਆਂ ਵਿੱਚ ਸੇਵਾਵਾਂ ਦੇਣ ਵਾਲੀ ਸਿਰਮੌਰ ਸੰਸਥਾ ਗਲੋਬਲ ਸਿੱਖਸ ਦੇ ਕੰਮਕਾਜ ਬਾਰੇ ਆਪਣੇ ਪ੍ਰਭਾਵ ਸਦਨ ਵਿੱਚ ਸਾਂਝੇ ਕੀਤੇ ਅਤੇ ਰਾਹਤ ਸਮਗਰੀ ਨੂੰ ਲੋੜਵੰਦਾਂ ਤਕ ਪੁੱਜਦਾ ਕਰਨ ਲਈ ਵਲੰਟੀਅਰ ਸਾਥੀਆਂ ਦੇ ਸਹਿਯੋਗ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ ਓਹਨਾਂ ਨੇ ਮਾੜੇ ਪ੍ਰਸਾਸ਼ਨ ਅਤੇ ਸਰਕਾਰਾਂ ਦੀ ਕਈ ਤਰ੍ਹਾਂ ਦੀਆਂ ਉਦਾਹਰਨਾਂ ਦੇ ਕੇ ਨਿਖੇਧੀ ਕੀਤੀ ਜਿਵੇਂ ਕਿ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਅਵਾਰਾ ਪਸ਼ੂਆਂ ਨਾਲ ਦੁਰਘਟਨਾ ਹੋਣ ਕਰਨ ਮੌਤ, ਖਾਂਸੀ ਦੇ ਸੀਰਪ ਨਾਲ 20 ਤੋਂ ਵੱਧ ਬੱਚਿਆਂ ਦੀ ਮੌਤ, ਜੈਪੁਰ ਦੇ ਹਸਪਤਾਲ ਵਿਚ ਸ਼ੌਟ ਸਰਕਟ ਨਾਲ ਬੱਚਿਆਂ ਦੀ ਮੌਤ, ਪੰਜਾਬ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਭਧਸ਼ ਡਾਕਟਰਾਂ ਦੀ ਘਾਟ, ਆਪਣੇ ਇਲਾਕੇ ਵਿੱਚ ਵਧ ਰਹੇ ਚਿਕਨਗੁਣੀਆ ਦੇ ਕੇਸ ਅਤੇ ਸਰਕਾਰੀ ਬੀਮਾ ਯੋਜਨਾਵਾਂ ਅਧੀਨ ਬਣੇ ਕਾਰਡਾਂ ਦਾ ਪ੍ਰਾਈਵੇਟ ਹਸਪਤਾਲਾਂ ਵਿੱਚ ਨਾ ਲਾਗੂ ਹੋਣਾ।



ਅੱਜ ਦੇ ਮੁੱਖ ਮਹਿਮਾਨ ਡਾਕਟਰ ਸੁਮਿਤ ਮਹਿਤਾ ( ਧੰ ਘਓਸਟਰੋ ੳਨਦ ,ੲਪੳਟੋਲੋਗੇ) ਨੇ ਬੜੀ ਸਰਲ ਭਾਸ਼ਾ ਵਿੱਚ ਪੇਟ ਦੇ ਰੋਗਾਂ ਦੇ ਲੱਛਣ, ਇਲਾਜ਼ ਅਤੇ ਅਜੋਕੀ ਜੀਵਨ ਸ਼ੈਲੀ ਵਿੱਚ ਇਨ੍ਹਾਂ ਦੇ ਵਧਣ ਦੇ ਕਾਰਨਾਂ ਬਾਰੇ ਚਾਨਣਾ ਪਾਇਆ ਅਤੇ ਸੰਗਰੂਰ ਸਥਿੱਤ ਆਪਣੇ ਹਸਪਤਾਲ ਸ਼ਿਵਾ ਗਾਸਟਰੋ ਅਤੇ ਲੀਵਰ ਮਲਟੀਸਪੈਸ਼ਲਟੀ ਸੈਂਟਰ, ਸੰਗਰੂਰ ਵਿੱਚ ਚਾਲੂ ਆਧੁਨਿਕ ਤਕਨੀਕੀ ਸਿਹਤ ਸਹੂਲਤਾਂ ਬਾਰੇ ਦੱਸਿਆ।

ਡੀ ਈ ਟੀ ਸ਼੍ਰੀ੍ਸ਼ ਨਿੱਜਰ ਨੇ ਆਤਮਾ, ਪਰਮਾਤਮਾ, ਧਰਮ ਅਤੇ ਮੈਡੀਟੇਸ਼ਣ ਬਾਰੇ ਬਹੁਤ ਹੀ ਸੂਖਮ ਅਤੇ ਮਹੱਤਵਪੂਰਨ ਜਾਣਕਾਰੀ ਦਿੱਤੀ।

ਅਸ਼ਵਨੀ ਕੁਮਾਰ ਨੇ ਹੜ ਪੀੜਤਾਂ ਦੀ ਸਹਾਇਤਾ ਰਾਸ਼ੀ ਦਾ ਹਿਸਾਬ ਕਿਤਾਬ ਸਦਨ ਸਾਹਮਣੇ ਪੇਸ਼ ਕੀਤਾ। ਕੇਵਲ ਸਿੰਘ ਮਲੇਰਕੋਟਲਾ ਨੇ ਦੋ ਲੋਕ ਗੀਤ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਇਸ ਮਹੀਨੇ ਜਨਮ ਦਿਨ ਅਤੇ ਹੋਰ ਪਰੀਵਾਰਕ ਖ਼ੁਸ਼ੀਆਂ ਵਾਲੇ ਸਾਥੀਆਂ ਨੂੰ ਗਿਫ਼ਟ ਦੇ ਕੇ ਸਨਮਾਨਿਤ ਕੀਤਾ ਗਿਆ। ਨਵਨੀਤ ਕੁਮਾਰ ਅਤੇ ਸ਼ਾਮ ਸੁੰਦਰ ਕਕੜ ਦੀ ਅਗਵਾਈ ਵਿੱਚ ਰਾਹਤ ਸਮਗਰੀ ਪਹੁੰਚਾਉਣ ਵਾਲੀ ਟੀਮ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਸ਼੍ਰੀ ਸ਼ਿਵ ਨਰਾਇਣ ਵੱਲੋਂ ਬਹੁਤ ਵਧੀਆ ਤਰੀਕੇ ਨਾਲ ਕੀਤਾ ਗਿਆ। ਕੁੱਲ 69 ਮੈਂਬਰਾਂ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ ਅਤੇ ਮਹੱਤਵਪੂਰਨ ਵਿਸ਼ੇ ਵਿਚਾਰਨ ਕਰਕੇ ਇਹ ਮੀਟਿੰਗ ਬਹੁਤ ਸਫਲ ਰਹੀ।

# ਨੇਪਾਲ 'ਚ ਕਾਨੂੰਨ ਵਿਵਸਥਾ ਦੀ ਨਾਜ਼ੁਕ ਸਥਿਤੀ ਕਾਰਨ ਭਾਰਤੀ ਸੈਲਾਨੀਆਂ ਦੀ ਆਮਦ ਵਿੱਚ ਗਿਰਾਵਟ

ਕਾਠਮੰਡੂ
ਸਾਂਝੀ ਸੋਚ ਬਿਊਰੋ

ਨੇਪਾਲ ਟੂਰਿਜ਼ਮ ਬੋਰਡ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, 2025 ਦੇ ਪਹਿਲੇ 10 ਮਹੀਨਿਆਂ ਦੌਰਾਨ ਨੇਪਾਲ ਵਿੱਚ ਭਾਰਤੀ ਸੈਲਾਨੀਆਂ ਦੀ ਆਮਦ ਵਿੱਚ ਕਾਫ਼ੀ ਗਿਰਾਵਟ ਆਈ ਹੈ ਅਤੇ ਕੁੱਲ ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿੱਚ ਮਾਮੂਲੀ ਵਾਧਾ ਹੋਇਆ ਹੈ। ਭਾਰਤ ਨੇਪਾਲ ਦੇ ਸੈਰ-ਸਪਾਟਾ ਉਦਯੋਗ ਲਈ ਸਭ ਤੋਂ ਵੱਡਾ ਸਰੋਤ ਬਾਜ਼ਾਰ ਬਣਿਆ ਹੋਇਆ ਹੈ, ਜੋ ਕਿ ਹਿਮਾਲਿਆਈ ਦੇਸ਼ ਦੇ ਕੁੱਲ ਅੰਤਰਰਾਸ਼ਟਰੀ ਸੈਲਾਨੀਆਂ ਦਾ ਇੱਕ ਚੌਥਾਈ ਹਿੱਸਾ ਹੈ। ਨੇਪਾਲ ਟੂਰਿਜ਼ਮ ਬੋਰਡ ਦੇ ਅੰਕੜਿਆਂ ਅਨੁਸਾਰ, ਇਸ ਸਾਲ ਜਨਵਰੀ ਅਤੇ ਅਕਤੂਬਰ ਦੇ ਵਿਚਕਾਰ ਦੱਖਣੀ ਗੁਆਂਢੀ ਤੋਂ ਆਮਦ ਸਾਲ-ਦਰ-ਸਾਲ 11 ਪ੍ਰਤੀਸ਼ਤ ਘਟ ਕੇ 2,43,350 ਹੋ ਗਈ। ਹਾਲਾਂਕਿ, ਕੁੱਲ ਵਿਦੇਸ਼ੀ ਸੈਲਾਨੀਆਂ ਦੀ ਆਮਦ 0.3 ਪ੍ਰਤੀਸ਼ਤ ਵਧ ਕੇ 9,43,716 ਹੋ ਗਈ।

ਇਸੇ ਤਰ੍ਹਾਂ, ਇਸੇ ਸਮੇਂ ਦੌਰਾਨ ਇੱਕ ਹੋਰ ਗੁਆਂਢੀ, ਚੀਨ ਤੋਂ ਆਮਦ 5.3 ਪ੍ਰਤੀਸ਼ਤ ਘਟ ਕੇ 78,929 ਹੋ ਗਈ। ਚੀਨ ਇਸ ਵੇਲੇ ਨੇਪਾਲ ਦੇ ਤੀਜੇ ਸਭ ਤੋਂ ਵੱਡੇ ਸਰੋਤ ਬਾਜ਼ਾਰ ਵਜੋਂ ਦਰਜਾ ਪ੍ਰਾਪਤ ਹੈ ਕੋਵਿਡ ਤੋਂ ਪਹਿਲਾਂ ਦੇ ਸਮੇਂ ਤੋਂ ਜਦੋਂ ਇਹ ਨੇਪਾਲ ਦੇ ਸੈਰ-ਸਪਾਟਾ ਉਦਯੋਗ ਲਈ ਦੂਜੇ ਸਭ ਤੋਂ ਵੱਡੇ ਸਰੋਤ ਬਾਜ਼ਾਰ ਵਜੋਂ ਉਭਰਿਆ ਸੀ।



ਸੈਰ-ਸਪਾਟਾ ਉੱਦਮੀਆਂ ਨੇ ਕਿਹਾ ਕਿ ਭਾਰਤੀ ਸੈਲਾਨੀਆਂ ਦੀ ਆਮਦ ਵਿੱਚ ਗਿਰਾਵਟ ਮੁੱਖ ਤੌਰ 'ਤੇ Gen-Z ਅੰਦੋਲਨ ਦੇ ਪ੍ਰਭਾਵ ਕਾਰਨ ਸੀ, ਜਿਸਨੇ ਨੇਪਾਲ ਦੀ ਨਾਜ਼ੁਕ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਉਜਾਗਰ ਕੀਤਾ ਸੀ। ਸਤੰਬਰ ਦੇ ਸ਼ੁਰੂ ਵਿੱਚ ਹੋਏ Gen-Z ਅੰਦੋਲਨ ਵਿੱਚ 70 ਤੋਂ ਵੱਧ ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋਏ, ਜਦੋਂ ਕਿ ਸਰਕਾਰੀ ਅਤੇ ਨਿੱਜੀ ਜਾਇਦਾਦਾਂ ਨੂੰ ਵੱਡੇ ਪੱਧਰ 'ਤੇ ਤਬਾਹ ਕਰ ਦਿੱਤਾ ਗਿਆ। ਯੂਨੀਕ ਐਡਵੈਂਚਰ ਇੰਟਰਨੈਸ਼ਨਲ ਦੇ ਡਾਇਰੈਕਟਰ, ਖੁਮ ਬਹਾਦੁਰ ਸੁਬੇਦੀ, ਜੋ ਕਿ ਭਾਰਤੀ ਸੈਲਾਨੀਆਂ ਦੀ ਦੇਖਭਾਲ ਵੀ ਕਰਦਾ ਹੈ, ਨੇ ਦੱਸਿਆ ਕਿ Gen-Z ਅੰਦੋਲਨ ਦੇ ਬਾਅਦ ਭਾਰਤ ਤੋਂ ਆਉਣ ਵਾਲੇ ਲੋਕਾਂ ਹਵਾਈ ਅਤੇ ਜ਼ਮੀਨੀ ਦੋਵੇਂ ਵਿੱਚ ਕਮੀ ਆਈ ਹੈ। "ਅਸੀਂ ਅਜੇ ਵੀ ਪ੍ਰਭਾਵ ਦੇਖ ਰਹੇ ਹਾਂ, ਕਿਉਂਕਿ ਆਮਦ, ਖਾਸ ਕਰਕੇ ਜ਼ਮੀਨੀ ਰਸਤੇ ਰਾਹੀਂ, ਘੱਟ ਗਈ ਹੈ," ਉਸਨੇ ਕਿਹਾ। "ਉਹ (ਭਾਰਤੀ ਸੈਲਾਨੀ) ਸੁਰੱਖਿਆ ਸਥਿਤੀ ਬਾਰੇ ਚਿੰਤਤ ਹਨ। ਐਨਟੀਬੀ ਦੇ ਅਨੁਸਾਰ, ਸਤੰਬਰ ਵਿੱਚ ਕੁੱਲ ਸੈਲਾਨੀਆਂ ਦੀ ਆਮਦ ਵਿੱਚ 18.3 ਪ੍ਰਤੀਸ਼ਤ ਦੀ ਗਿਰਾਵਟ ਆਈ, ਜੋ ਕਿ Gen-Z ਅੰਦੋਲਨ ਕਾਰਨ ਹੋਈ ਗਿਰਾਵਟ ਹੈ। ਮਹੀਨੇ ਦੌਰਾਨ, ਭਾਰਤ ਤੋਂ ਆਉਣ ਵਾਲੇ ਸੈਲਾਨੀਆਂ ਵਿੱਚ 32.3 ਪ੍ਰਤੀਸ਼ਤ, ਚੀਨ ਤੋਂ 34.9 ਪ੍ਰਤੀਸ਼ਤ ਅਤੇ ਸੰਯੁਕਤ ਰਾਜ ਤੋਂ ਆਉਣ ਵਾਲੇ ਸੈਲਾਨੀਆਂ ਵਿੱਚ ਚਾਰ ਪ੍ਰਤੀਸ਼ਤ ਦੀ ਗਿਰਾਵਟ ਆਈ ਇਹ ਤਿੰਨ ਸਭ ਤੋਂ ਵੱਡੇ ਸਰੋਤ ਬਾਜ਼ਾਰ ਹਨ। ਨੇਪਾਲ ਟੂਰਿਜ਼ਮ ਬੋਰਡ ਨੇ ਸਤੰਬਰ ਵਿੱਚ ਨੇਪਾਲ ਦੇ ਸੈਰ-ਸਪਾਟਾ ਅਕਸ ਨੂੰ ਦੁਬਾਰਾ ਬਣਾਉਣ ਲਈ 'ਨਾਓ ਇਨ ਨੇਪਾਲ' ਮੁਹਿੰਮ ਸ਼ੁਰੂ ਕੀਤੀ।

# ਕੈਨੇਡਾ ਦਾ ਸਟੂਡੈਂਟ ਵੀਜ਼ਾ 'ਤੇ ਸ਼ਿਕੰਜਾ, ਭਾਰਤੀ ਵਿਦਿਆਰਥੀਆਂ 'ਤੇ ਪਈ ਭਾਰੀ ਮਾਰ

ਓਟਵਾ
ਸਾਂਝੀ ਸੋਚ ਬਿਊਰੋ

ਜੋ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਜਾਣ ਦਾ ਸੁਪਨਾ ਦੇਖ ਰਹੇ ਹਨ, ਉਨ੍ਹਾਂ ਨੂੰ ਵੱਡਾ ਝਟਕਾ ਲੱਗਾ ਹੈ। ਕੈਨੇਡਾ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਦੇ ਵੀਜ਼ਾ 'ਤੇ "ਅਣਐਲਾਨੀ" ਰੋਕ ਲਗਾ ਦਿੱਤੀ ਹੈ, ਜਿਸ ਨਾਲ ਵੀਜ਼ਾ ਰਿਜੈਕਸ਼ਨ ਦੀ ਦਰ ਅਸਮਾਨ ਛੂਹ ਗਈ ਹੈ। ਕਦੇ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਦੇਸ਼ ਰਿਹਾ ਕੈਨੇਡਾ, ਹੁਣ ਆਪਣੀ ਖਿੱਚ ਗੁਆਉਂਦਾ ਜਾ ਰਿਹਾ ਹੈ। ਸੀਟੀਵੀ ਨਿਊਜ਼ ਨੇ ਰਾਇਟਰਜ਼ ਦੇ ਹਵਾਲੇ ਨਾਲ ਦੱਸਿਆ ਕਿ ਕੈਨੇਡਾ ਸਰਕਾਰ ਨੇ ਅਸਥਾਈ ਪ੍ਰਵਾਸ ਨੂੰ ਰੋਕਣ ਅਤੇ ਵੀਜ਼ਾ ਧੋਖਾਧੜੀ ਨਾਲ ਨਜਿੱਠਣ ਲਈ ਇਹ ਸਖ਼ਤ ਕਦਮ ਚੁੱਕੇ ਹਨ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਇਸ ਸਭ ਨੂੰ ਲੈ ਕੇ ਸਾਹਮਣੇ ਆਏ ਅੰਕੜੇ ਹੈਰਾਨ ਕਰਨ ਵਾਲੇ ਹਨ। ਇਮੀਗ੍ਰੇਸ਼ਨ ਵਿਭਾਗ ਮੁਤਾਬਕ:1. 74% ਰਿਜੈਕਸ਼ਨ: ਇਸ ਸਾਲ ਅਗਸਤ 2025 ਵਿੱਚ, ਕੇਨੇਡਾ ਨੇ ਭਾਰਤ ਤੋਂ ਆਏ 100 ਵਿੱਚੋਂ 74 ਸਟੱਡੀ ਪਰਮਿਟ ਅਰਜ਼ੀਆਂ ਨੂੰ ਖਾਰਜ ਕਰ ਦਿੱਤਾ। 2. ਪਿਛਲਾ ਅੰਕੜਾ: ਇਹ ਅੰਕੜਾ ਪਿਛਲੇ ਸਾਲ (ਅਗਸਤ 2024) ਵਿੱਚ ਸਿਰਫ਼ 32% ਸੀ। 3. ਘਟ ਗਏ ਬਿਨੈਕਾਰ: ਇਸ ਸਖ਼ਤੀ ਕਾਰਨ, ਭਾਰਤੀ ਬਿਨੈਕਾਰਾਂ ਦੀ ਕੁੱਲ ਗਿਣਤੀ ਵੀ 20,900 (ਅਗਸਤ 2023) ਤੋਂ ਘਟ ਕੇ ਸਿਰਫ਼ 4,515 (ਅਗਸਤ 2025) ਰਹਿ ਗਈ ਹੈ। ਕਿਉਂ ਸਖ਼ਤ ਹੋਇਆ ਕੈਨੇਡਾ? (ਕੂਟਨੀਤਕ ਤਣਾਅ ਅਤੇ 1550 ਫਰਜ਼ੀ ਵੀਜ਼ੇ) ਵੀਜ਼ਾ ਵਿੱਚ ਇਸ ਸਖ਼ਤੀ ਪਿੱਛੇ ਦੋ ਮੁੱਖ ਕਾਰਨ ਮੰਨੇ ਜਾ ਰਹੇ ਹਨ:1. ਕੂਟਨੀਤਕ ਤਣਾਅ: 2023 ਵਿੱਚ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇੱਕ ਕੈਨੇਡੀਅਨ ਨਾਗਰਿਕ ਦੇ ਕਤਲ ਵਿੱਚ ਭਾਰਤ ਦਾ ਹੱਥ ਹੋਣ ਦਾ ਦੋਸ਼ ਲਗਾਉਣ ਤੋਂ ਬਾਅਦ, ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਜਾਰੀ ਹੈ। (ਭਾਰਤ ਇਨ੍ਹਾਂ ਦੋਸ਼ਾਂ ਨੂੰ ਵਾਰ-ਵਾਰ ਖਾਰਜ ਕਰ ਚੁੱਕਾ ਹੈ)। 2. ਫਰਜ਼ੀ ਵੀਜ਼ਾ ਘੁਟਾਲਾ: 2023 ਵਿੱਚ, ਕੈਨੇਡੀਅਨ ਅਧਿਕਾਰੀਆਂ ਨੇ ਲਗਭਗ 1,550 ਫਰਜ਼ੀ ਸਟੱਡੀ ਪਰਮਿਟ ਅਰਜ਼ੀਆਂ ਦਾ ਪਰਦਾਫਾਸ਼ ਕੀਤਾ ਸੀ, ਜੋ ਫਰਜ਼ੀ ਪ੍ਰਵਾਨਗੀ ਪੱਤਰਾਂ ਰਾਹੀਂ ਭਾਰਤ ਤੋਂ ਲਗਾਈਆਂ ਗਈਆਂ ਸਨ। ਇਸ ਧੋਖਾਧੜੀ ਤੋਂ ਬਾਅਦ, ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਜਾਂਚ ਬਹੁਤ ਸਖ਼ਤ ਕਰ ਦਿੱਤੀ ਹੈ। ਐਜੂਕੇਸ਼ਨ ਕੰਸਲਟੈਂਟਸ ਦਾ ਕਹਿਣਾ ਹੈ ਕਿ ਅਧਿਕਾਰੀ ਹੁਣ ਸਿਰਫ਼ ਬੈਂਕ ਸਟੇਟਮੈਂਟ ਦੇਖ ਕੇ ਸੰਤੁਸ਼ਟ ਨਹੀਂ ਹਨ। ਬਿਨੈਕਾਰਾਂ ਨੂੰ ਹੁਣ ਇਹ ਵੀ ਸਾਬਤ ਕਰਨਾ ਪੈ ਰਿਹਾ ਹੈ ਕਿ, "ਇਹ ਪੈਸਾ (ਫੀਸ) ਕਿੱਥੋਂ ਆਇਆ।

ਕੈਨੇਡਾ ਦੇ ਇਸ ਕਦਮ ਦਾ ਅਸਰ ਉੱਥੋਂ ਦੀਆਂ ਟੌਪ ਯੂਨੀਵਰਸਿਟੀਆਂ 'ਤੇ ਵੀ ਪੈ ਰਿਹਾ ਹੈ। ਯੂਨੀਵਰਸਿਟੀ ਆਫ ਵਾਟਰਲੂ ਵਿੱਚ ਪਿਛਲੇ 3-4 ਸਾਲਾਂ ਵਿੱਚ ਭਾਰਤੀ ਵਿਦਿਆਰਥੀਆਂ ਦੇ ਦਾਖਲਿਆਂ ਵਿੱਚ ਦੋ-ਤਿਹਾਈ (66%) ਦੀ ਭਾਰੀ ਗਿਰਾਵਟ ਆਈ ਹੈ।

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi


We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





1003 Moffat Blvd,
Manteca CA 95336

# 209-239-1551

# Chevron TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ

We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

*Where Hope Meets*

IMMIGRATION OPPORTUNITIES

USA SERVICES :

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

INDIAN SERVICES :

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★ Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

# ਡੀਏਵੀ ਕਾਲਜ ਜਲੰਧਰ ਵਿਖੇ ਇੱਕ ਰੋਜ਼ਾ ਸਪੈਸ਼ਲ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ

**ਜਲੰਧਰ**
**ਸਾਂਝੀ ਸੋਚ ਬਿਊਰੋ**

ਡੀਏਵੀ ਕਾਲਜ ਜਲੰਧਰ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ, ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੱਕ ਰੋਜ਼ਾ ਸਪੈਸ਼ਲ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ। ਇਸ ਦੌਰਾਨ ਵੱਡੀ ਗਿਣਤੀ ਵਿੱਚ ਵਲੰਟੀਅਰਜ਼ ਨੇ ਹਾਜ਼ਰੀ ਭਰੀ। ਕਾਲਜ ਦੇ ਗੇਟ ਨੰਬਰ 02 ਨੇੜੇ ਵਲੰਟੀਅਰਜ਼ ਨੇ ਸਾਫ਼-ਸਫ਼ਾਈ ਦਾ ਅਭਿਆਨ ਸ਼ੁਰੂ ਕੀਤਾ ਅਤੇ ਇਸ ਜਗ੍ਹਾ ਉੱਤੇ ਵੱਡੀ ਮਾਤਰਾ ਵਿੱਚ ਉੱਗੇ ਘਾਹ-ਫੂਸ ਨੂੰ ਸਾਫ਼ ਕਰਕੇ ਇਸਨੂੰ ਸਾਫ਼-ਸੁਥਰਾ ਤੇ ਖ਼ੂਬਸੂਰਤ ਬਣਾਇਆ। ਵਲੰਟੀਅਰਜ਼ ਨੇ ਪੌਦਿਆਂ ਦੀ ਸਾਫ਼-ਸਫ਼ਾਈ ਕਰਦਿਆਂ ਜਿੱਥੇ ਉਹਨਾਂ ਦੀਆਂ ਵਾਧੂ ਟਾਹਣੀਆਂ ਨੂੰ ਕੱਟਿਆ ਉੱਥੇ ਪੌਦਿਆਂ ਦੇ ਆਲੇ-ਦੁਆਲੇ ਪੱਥਰ ਲਗਾ ਕੇ ਖ਼ੂਬਸੂਰਤ ਕਿਆਰੀਆਂ ਵੀ ਬਣਾਈਆਂ। ਇਹ ਇੱਕ ਰੋਜ਼ਾ ਕੈਂਪ ਸਵੇਰੇ 7 ਵਜੇ ਸ਼ੁਰੂ ਕੀਤਾ ਗਿਆ। ਵਲੰਟੀਅਰਜ਼ ਨੇ ਇਸ ਕੈਂਪ ਲਈ ਸਮੇਂ-ਸਿਰ ਆਪਣੀ ਹਾਜ਼ਰੀ ਭਰ ਕੇ ਜਿੱਥੇ ਸਮੇਂ ਦੇ ਪਾਬੰਦ ਹੋਣ ਦਾ ਸਬੂਤ ਦਿੱਤਾ ਉੱਥੇ ਸਾਰੇ ਵਲੰਟੀਅਰਜ਼ ਨੇ ਬਹੁਤ ਮਿਹਨਤ ਅਤੇ ਤਨਦੇਹੀ ਦੇ ਨਾਲ਼ ਅਰਥ ਵਰਕ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਜੀ ਨੇ ਇਸ ਇੱਕ ਰੋਜ਼ਾ ਸਪੈਸ਼ਲ ਐੱਨ ਐੱਸ ਐੱਸ ਕੈਂਪ ਲਈ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਨੂੰ ਮੁਬਾਰਕਬਾਦ ਦਿੱਤੀ ਅਤੇ ਇਸ ਨੂੰ



ਇੱਕ ਸ਼ਲਾਘਾਯੋਗ ਉਪਰਾਲਾ ਦੱਸਿਆ। ਉਹਨਾਂ ਮਿਹਨਤ ਨਾਲ਼ ਕਾਰਜ ਕਰਨ ਵਾਲ਼ੇ ਵਲੰਟੀਅਰਜ਼ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਅਜਿਹੇ ਵਿਦਿਆਰਥੀ ਹੀ ਸਮਾਜ ਦੇ ਬਾਕੀ ਲੋਕਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਐੱਨ ਐੱਸ ਐੱਸ ਕੁਆਡੀਨੇਟਰ ਡਾ. ਸਾਹਿਬ ਸਿੰਘ ਨੇ ਕੈਂਪ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਿੱਥੇ ਵਲੰਟੀਅਰਜ਼ ਨੂੰ ਅਰਥ ਵਰਕ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਉੱਥੇ ਉਹਨਾਂ ਨੇ ਵਲੰਟੀਅਰਜ਼ ਨੂੰ ਵਿਦਿਆਰਥੀ ਜੀਵਨ ਵਿੱਚ ਐੱਨ ਐੱਸ ਐੱਸ ਦੀ ਅਹਿਮ ਭੂਮਿਕਾ ਤੋਂ ਵੀ ਜਾਣੂ ਕਰਵਾਇਆ। ਅਰਥ ਵਰਕ ਤੋਂ ਬਾਅਦ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਦੌਰਾਨ ਵਲੰਟੀਅਰਜ਼ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਵਿਭਿੰਨ ਪ੍ਰਕਾਰ ਦੀਆਂ ਪੇਸ਼ਕਾਰੀਆਂ ਕੀਤੀਆਂ, ਜਿੰਨਾਂ ਵਿੱਚ ਕਵਿਤਾ, ਗੀਤ, ਸਕਿੱਟ ਆਦਿ ਦੀ ਪੇਸ਼ਕਾਰੀ ਕੀਤੀ ਗਈ। ਵਲੰਟੀਅਰਜ਼ ਨੇ ਆਪਣੀਆਂ ਪੇਸ਼ਕਾਰੀਆਂ ਰਾਹੀਂ ਬਹੁਤ ਹੀ ਅਰਥ ਭਰਪੂਰ ਅਤੇ ਸਮਾਜ ਨੂੰ ਜਾਗਰੂਕ ਕਰਨ ਵਾਲੇ ਸੰਦੇਸ਼ ਦਿੱਤੇ। ਉਪਰੰਤ ਵਲੰਟੀਅਰਜ਼ ਨੇ ਪੰਗਤ ਵਿੱਚ ਬੈਠ ਕੇ ਭੋਜਨ ਖਾਧਾ। ਇਸ ਕੈਂਪ ਵਿੱਚ ਨਵੇਂ ਜੁੜੇ ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਉਹਨਾਂ ਨੂੰ ਹੱਥੀ ਕਿਰਤ ਕਰਕੇ ਸੱਚਮੁੱਚ ਹੀ ਬਹੁਤ ਵਧੀਆ ਲੱਗਿਆ ਹੈ ਅਤੇ ਉਹ ਭਵਿੱਖ ਵਿੱਚ ਵੀ ਅਜਿਹੇ ਕੈਂਪਾਂ ਦਾ ਹਿੱਸਾ ਬਣਦੇ ਰਹਿਣਗੇ। ਪ੍ਰੋਗਰਾਮ ਦੇ ਅੰਤ ਉੱਪਰ ਪ੍ਰੋਗਰਾਮ ਅਫ਼ਸਰ ਪ੍ਰੋ. ਗਗਨ ਮਦਾਨ ਨੇ ਵਲੰਟੀਅਰਜ਼ ਨਾਲ਼ ਵਿਚਾਰ ਸਾਂਝੇ ਕੀਤੇ ਉਹਨਾਂ ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਲੰਟੀਅਰਜ਼ ਦੇ ਸਹਿਯੋਗ ਨਾਲ਼ ਹੀ ਇਹ ਇੱਕ ਰੋਜ਼ਾ ਕੈਂਪ ਕਾਮਯਾਬ ਹੋ ਸਕਿਆ ਹੈ।

# ਭਾਰਤ ਸਰਕਾਰ ਵੱਲੋਂ ਮਾਪ ਤੋਲ ਉਪਕਰਣਾਂ ਦੀ ਜਾਂਚ ਪ੍ਰਾਈਵੇਟ ਹੱਥਾਂ ਵਿੱਚ ਸੌਂਪਾਂ ਜਾਣਾ ਵਪਾਰੀ ਵਿਰੋਧੀ ਫੈਸਲਾ- ਪ੍ਰਮੋਦ ਗੁਪਤਾ

**ਰਈਆ**
**ਡਾ.ਰਾਜਿੰਦਰ ਰਿਖੀ**

ਭਾਰਤ ਦੀ ਭਾਜਪਾ ਸਰਕਾਰ ਕਾਫੀ ਵਪਾਰੀ ਪੱਖੀ ਮੰਨੀ ਜਾਂਦੀ ਸੀ ਅਤੇ ਇਸ ਸਰਕਾਰ ਵੱਲੋ ਜਨ ਵਿਸਵਾਸ ਕਾਨੂੰਨ ਰਾਂਹੀ ਕਾਫੀ ਸਹੂਲਤ ਵੀ ਉਦਯੋਗਿਕ ਅਤੇ ਵਪਾਰੀ ਵਰਗ ਨੂੰ ਦਿੱਤੀ ਗਈ ਹੈ। ਪਰੰਤੂ ਹਾਲ ਹੀ ਵਿੱਚ ਇੱਕ ਫੈਸਲੇ ਮੁਤਾਬਿਕ ਭਾਰਤ ਸਰਕਾਰ ਵਲੋਂ ਦੁਕਾਨਦਾਰਾਂ ਵਲੋਂ ਵਰਤੇ ਜਾਂਦੇ ਮਾਪ ਤੋਲ ਉਪਕਰਣਾ ਦੀ ਜਾਂਚ ਪ੍ਰਾਈਵੇਟ ਹੱਥਾ ਵਿੱਚ ਸੌਂਪੇਂ ਜਾਣ ਦਾ ਫੈਸਲਾ ਕੀਤਾ ਗਿਆ ਹੈ ਜੋ ਸਰਾਸਰ ਵਪਾਰੀ ਵਿਰੋਧੀ ਫੈਸਲਾ ਹੈ ਤੇ ਇਸ ਕਾਰਨ ਵਪਾਰੀ ਵਰਗ ਵਿੱਚ ਕਾਫੀ ਚਿੰਤਾ ਅਤੇ ਨਿਰਾਸ਼ਾ ਪਾਈ ਜਾ ਰਹੀ ਹੈ।ਇਹ ਵਿਚਾਰ ਪੰਜਾਬ ਰੀਟੇਲ ਐਂਡ ਹੋਲਸੇਲ ਕਰਿਆਨਾ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਪ੍ਰਮੋਦ ਗੁਪਤਾ ਧੂਰੀ, ਚੇਅਰਮੈਨ ਸ੍ਰੀ ਕਿਸ਼ਨ ਜਸੂਜਾ ਅਤੇ ਮੀਤ ਪ੍ਰਧਾਨ ਅਰੁਣ ਗੁਪਤਾ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਇਹ ਫੈਸਲਾ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਲਈ ਬਣਾਏ ਲੀਗਲ ਮੀਟਰੋਲੋਜੀ ਕਾਨੂੰਨ 2009 ਨਾਲ ਸਬੰਧਤ ਹੈ ।ਲੀਗਲ ਮੀਟਰੋਲੋਜੀ ਕਾਨੂੰਨ 2009 ਤਹਿਤ ਵਪਾਰਕ ਅਦਾਰਿਆ ਵੱਲੋ ਵਰਤੇ ਜਾਂਦੇ ਮਾਪ ਤੋਲ ਉਪਕਰਨਾਂ ਦੀ ਜਾਂਚ ਸਰਕਾਰ ਦੇ ਸਰਕਾਰ ਦੇ ਮਾਪ ਤੋਲ ਮਹਿਕਮੇ ਦੇ



ਲੀਗਲ ਮੀਟਰੋਲੋਜੀ ਅਫਸਰਾਂ ਵੱਲੋ ਪੜਤਾਲ ਕੀਤੀ ਜਾਂਦੀ ਸੀ ਜਿਸ ਲਈ ਲਗਭਗ 200 ਤੋ 300 ਰੁਪਏ ਹੀ ਫੀਸ ਰੱਖੀ ਗਈ ਹੈ ।ਹੁਣ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ ਭਾਰਤ ਸਰਕਾਰ ਵੱਲੋ 23 ਅਕਤੂਬਰ 2025 ਨੂੰ ਇੱਕ ਨੋਟੀਫਿਕੇਸਨ ਜਾਰੀ ਕਰਕੇ ਇਹ ਪੜਤਾਲ ਦਾ ਕੰਮ ਪ੍ਰਾਈਵੇਟ ਵੱਡੇ ਵਪਾਰਕ ਅਦਾਰਿਆ ਨੂੰ ਦੇਣ ਫੈਸਲਾ ਕੀਤਾ ਗਿਆ ਹੈ ਜਿਸ ਦਾ ਨਾਮ ਗੋਰਮਿੰਟ ਅਪਰੂਵਡ ਟੈਸਟਿੰਗ ਸੈਂਟਰ ਹੋਵੇਗਾ।ਇਸ ਵਿੱਚ ਇਹਨਾਂ ਪ੍ਰਾਈਵੇਟ ਅਦਾਰਿਆਂ ਨੂੰ ਵੱਡਾ ਲਾਭ ਪਹੁੰਚਾਉਣ ਹਿੱਤ ਫੀਸਾਂ ਵਿੱਚ ਦਸ ਗੁਣਾਂ ਤੱਕ ਵਾਧਾ ਕੀਤਾ ਗਿਆ ਹੈ। ਉਦਾਹਰਣ ਦੇ ਤੌਰ ਤੇ ਇੱਕ 10 ਕਿਲੋ ਦੇ ਕੰਡੇ ਦੀ ਪਹਿਲਾਂ ਪੜਤਾਲ ਫੀਸ 150 ਰੁਪਏ ਹੈ ਜਦਕਿ ਹੁਣ ਇਹ ਫੀਸ ਵਧਾ ਕੇ 2000 ਰੁਪਏ ਕਰ ਦਿਤੀ ਗਈ ਹੈ। ਇਹ ਇੱਕ ਵਪਾਰੀ ਮਾਰੂ ਫੈਸਲਾ ਹੈ। ਸਮੂਹ ਵਪਾਰੀ ਵਰਗ ਲੀਗਲ ਮੀਟਰੋਲੋਜੀ ਪ੍ਰਾਈਵੇਟਾਈਜੇਸਨ ਦਾ ਵਿਰੋਧ ਕਰਦਾ ਹੈ ਅਤੇ ਇਸ ਨੂੰ ਰੱਦ ਕਰਨ ਦੀ ਮੰਗ ਕਰਦਾ ਹੈ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਪਾਰੀ ਵਰਗ ਸੰਘਰਸ ਦੇ ਰਾਹ ਤੇ ਤੁਰਨ ਲਈ ਮਜਬੂਰ ਹੋਵੇਗਾ।ਹੋਰ ਵਧੀਆ ਹੁੰਦਾ ਜੇਕਰ ਸਰਕਾਰ ਘਿਉ, ਰੀਫਈਂਡ ਅਤੇ ਤੇਲ ਦੇ ਆ ਰਹੇ ਅੰਡਰ ਵੇਟ ਨੂੰ ਨੱਥ ਪਾ ਕੇ ਜਨਤਾ ਨਾਲ ਹੋ ਰਹੇ ਧੋਖੇ ਨੂੰ ਰੋਕਣ ਦਾ ਕੰਮ ਕਰਦੀ। ਪੰਜਾਬ ਪ੍ਰਦੇਸ਼ ਰੀਟੇਲ ਐਂਡ ਹੋਲਸੇਲ ਕਰਿਆਨਾ ਐਸੋਸੀਏਸ਼ਨ ਅਤੇ ਅਖਿਲ ਭਾਰਤੀ ਉਦਯੋਗ ਵਪਾਰ ਮੰਡਲ ਪੰਜਾਬ ਮੰਗ ਕਰਦਾ ਹੈ ਕਿ ਕੇਂਦਰ ਸਰਕਾਰ ਇਸ ਫੈਸਲੇ ਤੇ ਪੁਨਰ ਵਿਚਾਰ ਕਰੇ ਤੇ ਮੰਦੀ ਦੀ ਮਾਰ ਝਲ ਰਹੇ ਛੋਟੇ ਦੁਕਾਨਦਾਰਾਂ ਨੂੰ ਰਾਹਤ ਦੇਵੇ।

# ਫਿਰੋਜ਼ਪੁਰ ਵਿੱਚ ਆਸ਼ੀਸ਼ ਚੋਪੜਾ ਗੈਂਗ ਦੇ ਦੋ ਮੈਂਬਰ ਗ੍ਰਿਫ਼ਤਾਰ

## ਆਸ਼ੀਸ਼ ਚੋਪੜਾ ਗੈਂਗ ਦੇ ਸ਼ੂਟਰ ਦੇ ਸੰਪਰਕ ਵਿੱਚ ਸਨ ਗ੍ਰਿਫ਼ਤਾਰ ਕੀਤੇ ਮੁਲਜ਼ਮ: ਡੀਜੀਪੀ ਗੌਰਵ ਯਾਦਵ

**ਫਿਰੋਜ਼ਪੁਰ**
**ਸਾਂਝੀ ਸੋਚ ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ‘ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐਫ.) ਪੰਜਾਬ ਨੇ ਫਿਰੋਜ਼ਪੁਰ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਫਿਰੋਜ਼ਪੁਰ ਤੋਂ ਆਸ਼ੀਸ਼ ਚੋਪੜਾ ਗੈਂਗ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਚੋਂ 205 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰਸ਼ਪਾਲ ਉਰਫ਼ ਸੇਵਕ ਵਾਸੀ ਪਿੰਡ ਕੁੰਡੇ (ਫਿਰੋਜ਼ਪੁਰ) ਅਤੇ ਰਾਜੀਵ ਉਰਫ਼ ਜੱਸਾ, ਪਿੰਡ ਬੜੇ (ਫਿਰੋਜ਼ਪੁਰ) ਵਜੋਂ ਹੋਈ ਹੈ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀ ਆਸ਼ੀਸ਼ ਚੋਪੜਾ ਗੈਂਗ ਦੇ ਸ਼ੂਟਰ ਯੁਵੀ ਦੇ ਸੰਪਰਕ ਵਿੱਚ ਸਨ ਜੋ ਕਿ ਮਈ 2025 ਵਿੱਚ ਫਿਰੋਜ਼ਪੁਰ ਵਿਖੇ ਹੋਏ ਆਸ਼ੂ ਮੌਂਗਾ ਕਤਲ ਕੇਸ ਵਿੱਚ



ਲੋੜੀਂਦਾ ਸੀ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਪੂਰੇ ਨੈੱਟਵਰਕ ਨੂੰ ਬੇਅਸਰ ਕੀਤਾ ਜਾ ਸਕੇ।

ਆਪਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਏ.ਜੀ.ਟੀ.ਐਫ. ਦੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਪ੍ਰਮੋਦ ਬਾਨ ਨੇ ਕਿਹਾ ਕਿ ਪੁਖ਼ਤਾ ਇਤਲਾਹ ’ਤੇ ਕਾਰਵਾਈ ਕਰਦੇ ਹੋਏ ਡੀ.ਐਸ.ਪੀ. ਏਜੀਟੀਐਫ ਰਾਜਨ ਪਰਮਿੰਦਰ ਦੀ ਅਗਵਾਈ ਹੇਠ ਏਜੀਟੀਐਫ ਦੀਆਂ ਪੁਲਿਸ ਟੀਮਾਂ ਨੇ ਫਿਰੋਜ਼ਪੁਰ ਪੁਲਿਸ ਦੇ ਤਾਲਮੇਲ ਨਾਲ ਫਿਰੋਜ਼ਪੁਰ ਦੇ ਪਿੰਡ ਮਧਰੇ ਵਿਖੇ ਰੇਲਵੇ ਕਰਾਸਿੰਗ ਦੇ ਨੇੜਿਓਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ।

ਫਿਰੋਜ਼ਪੁਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਦੋਸ਼ੀ ਰਸ਼ਪਾਲ ਸਿੰਘ ਦਾ ਅਪਰਾਧਿਕ ਪਿਛੋਕੜ ਹੈ, ਜਿਸ ਵਿੱਚ ਐਨਡੀਪੀਐਸ ਐਕਟ ਅਤੇ ਆਰਮਜ਼ ਐਕਟ ਤਹਿਤ ਕਈ ਮਾਮਲੇ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ।ਇਸ ਸਬੰਧ ਵਿੱਚ, ਥਾਣਾ ਸਦਰ ਫਿਰੋਜ਼ਪੁਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, 61 ਅਤੇ 85 ਦੇ ਤਹਿਤ ਐਫਆਈਆਰ ਨੰਬਰ 319 ਮਿਤੀ 01.11.2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

Space available for Ad
Contact # +1 (209) 303-1260

# In Loving Memory of



# Gurcharan Singh Bajwa

AUGUST 13, 1950 - OCTOBER 22, 2025

PLEASE JOIN US FOR THE MEMORIAL SERVICE AT
LAKEWOOD FUNERAL HOME & MEMORIAL PARK
900 SANTA FE AVE, HUGHSON, CA 95326
NOVEMBER 8 TH 2025
AT 11 AM

FOLLOWED BY

SEHAJ PATH AT GURUDWARA SAHIB
5743 E HATCH RD HUGHSON CA, 95326

REALTY UNPLUGGED

# ਤੁਹਾਡੀਆਂ ਜੜ੍ਹਾਂ ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
jvslogisticsllc@outlook.com
JUGDEV SAMRA (317) 379-4065
SUKHDEV SAMRA (317) 250-3545
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue

# ਆਰ.ਟੀ.ਆਈ ਕਾਨੂੰਨ ਦੀ ਘੱਟ ਰਹੀ ਰੌਸ਼ਨੀ

ਜਿਵੇਂ ਵੀ ਅਤੇ ਜਿੱਥੇ ਵੀ ਦੇਸ਼ ਦੇ ਹਾਕਮਾਂ ਦਾ ਦਾਅ ਲੱਗਦਾ ਹੈ, ਉੱਥੇ ਹੀ ਲੋਕਾਂ ਦੇ ਹੱਕਾਂ 'ਚ ਬਣੇ ਕਾਨੂੰਨਾਂ, ਸੰਵਿਧਾਨਿਕ ਹੱਕਾਂ ਉੱਤੇ ਕੁਹਾੜੀ ਚਲਾਉਣ ਤੋਂ ਉਹ ਦਰੇਗ ਨਹੀਂ ਕਰਦੇ। ਲੋਕਤੰਤਰਿਕ ਵਿਵਸਥਾ ਨੂੰ ਢਾਹ ਲਗਾਉਣਾ, ਸਿੱਧੇ-ਅਸਿੱਧੇ ਢੰਗ ਨਾਲ ਲੋਕ-ਹਿਤੈਸ਼ੀ ਕਾਨੂੰਨਾਂ ਨੂੰ ਖੋਰਾ ਲਗਾਉਣਾ, ਸੰਘੀ ਢਾਂਚੇ ਦਾ ਸੰਘ ਘੁੱਟਣਾ ਕੇਂਦਰ ਸਰਕਾਰ ਦੀ ਫ਼ਿਤਰਤ ਬਣ ਚੁੱਕੀ ਹੈ।

ਮੌਕਾ ਮਿਲਦਿਆਂ ਹੀ ਹਰ ਹੀਲਾ-ਵਸੀਲਾ ਵਰਤ ਕੇ ਪਹਿਲਾਂ ਕੇਂਦਰ ਸਰਕਾਰ ਵੱਲੋਂ ਸੀ.ਬੀ.ਆਈ., ਆਈ.ਡੀ. ਦੀ ਵਰਤੋਂ ਤਤਕਾਲੀ ਕਾਂਗਰਸ ਸਰਕਾਰਾਂ ਵਾਂਗਰ ਇਹਨਾਂ ਖ਼ੁਦਮੁਖਤਾਰ ਏਜੰਸੀਆਂ ਨੂੰ ਪਿੰਜਰਾ ਬੰਦ ਕੀਤਾ। ਫਿਰ ਭਾਰਤੀ ਰਿਜ਼ਰਵ ਬੈਂਕ, ਭਾਰਤੀ ਚੋਣ ਕਮਿਸ਼ਨ ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਕੰਮਾਂ-ਕਾਰਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਹੱਥ-ਕੰਢੇ ਵਰਤੇ।

ਸਿੱਟੇ ਵਜੋਂ ਹਾਕਮ ਧਿਰ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਖੁੱਡੇ ਲਾ ਕੇ, ਹਰ ਉਸ ਕੰਮ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦੇ ਰਾਹ ਹੈ, ਜਿੱਥੇ ਉਸਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਜਿੱਥੇ ਉਸਦੀ ਆਪਣੀ ਕੁਰਸੀ ਪੱਕੀ ਹੁੰਦੀ ਹੈ।

ਦੇਸ਼ 'ਚ ਸਥਿਤੀ ਇਹ ਹੈ ਕਿ ਖ਼ੁਦਮੁਖਤਾਰ ਸੰਸਥਾਵਾਂ ਦੀ ਭਰੋਸੇਯੋਗਤਾ ਲਗਭਗ ਖ਼ਤਮ ਹੈ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਗ਼ਲਤ ਰੁਝਾਨ ਖ਼ਿਲਾਫ਼ ਹੋਕਾ ਦੇਣ ਵਾਲਿਆਂ ਦੀ ਨਿਰੰਤਰ ਕਮੀ ਵੇਖਣ ਨੂੰ ਮਿਲ ਰਹੀ ਹੈ।ਸਤਰਕ ਨਾਗਰਿਕ ਸੰਗਠਨ (ਐਸ.ਐਨ.ਐਸ., ਸੁਸਾਇਟੀ ਫਾਰ ਸਿਟੀਜ਼ਨ ਵਿਜੀਲੈਂਸ ਇਨੀਸ਼ੀਏਟਿਵਜ਼) ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 29 ਸੂਚਨਾ ਕਮਿਸ਼ਨਰਾਂ (ਆਰ.ਟੀ.ਆਈ ਕਮਿਸ਼ਨਰ) ਵਿੱਚੋਂ ਕਈ ਕਮਿਸ਼ਨ ਲਗਭਗ ਖ਼ਾਤਮੇ ਦੇ ਕੰਢੇ 'ਤੇ ਹਨ। ਝਾਰਖੰਡ, ਤ੍ਰਿਪੁਰਾ ਅਤੇ ਤੇਲੰਗਾਨਾ ਦੇ ਸੂਚਨਾ ਕਮਿਸ਼ਨ ਬੰਦ ਪਏ ਹਨ। ਕੇਂਦਰੀ ਸੂਚਨਾ ਕਮਿਸ਼ਨ ਵਿੱਚ ਵੀ ਵਧੇਰੇ ਅਸਾਮੀਆਂ ਖਾਲੀ ਹਨ। ਇਸ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਲੱਖਾਂ ਦੀ ਗਿਣਤੀ 'ਚ ਸੂਚਨਾ ਕਮਿਸ਼ਨ ਵਿੱਚ ਅਪੀਲਾਂ ਅਤੇ ਸ਼ਿਕਾਇਤਾਂ ਪੈਂਡਿੰਗ ਹਨ। ਕਈ ਸੂਬਿਆਂ ਵਿੱਚ ਤਾਂ ਇਹ ਮਾਮਲੇ ਦਾ ਨਿਪਟਾਰਾ ਹੋਣ ਲਈ ਸਾਲਾਂ ਲੱਗ ਜਾਂਦੇ ਹਨ। ਕੀ ਇਹ ਵਿਡੰਬਣਾ ਨਹੀਂ ਹੈ? ਕੀ ਇਹ ਲੋਕ-ਹਿਤੈਸ਼ੀ ਕਾਨੂੰਨ ਨਾਲ ਖਿਲਵਾੜ ਨਹੀਂ ਹੈ? ਕੀ ਆਰ.ਟੀ.ਆਈ. ਵਰਗੇ ਕਮਿਸ਼ਨ ਨੂੰ ਵੱਟੇ-ਖਾਤੇ ਪਾ ਦਿੱਤੇ ਗਿਆ ਹੈ।

ਸੂਚਨਾ ਐਕਟ ਸਮਾਂਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿੱਚ ਕੇਂਦਰੀ ਸੂਚਨਾ ਕਮਿਸ਼ਨ ਵਿੱਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁਗਣੇ ਤੋਂ ਵੀ ਜ਼ਿਆਦਾ ਆਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

20 ਵਰ੍ਹੇ ਪਹਿਲਾਂ ਜਦੋਂ ਆਰ.ਟੀ.ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ।

ਜਿਵੇਂ ਮਗਨਰੇਗਾ ਕਾਨੂੰਨ ਦਾ (ਜਿਸ ਵਿੱਚ ਪੇਂਡੂ ਮਜ਼ਦੂਰਾਂ, ਕਿਸਾਨਾਂ ਲਈ 100 ਦਿਨਾਂ ਦਾ ਗਰੰਟੀ ਕੰਮ ਨਿਰਧਾਰਿਤ ਦਿਹਾੜੀ 'ਤੇ ਦੇਣ ਦਾ ਪ੍ਰਵਾਧਾਨ ਹੈ ), ਮੌਜੂਦਾ ਕੇਂਦਰੀ ਸਰਕਾਰ ਨੇ ਭੱਠਾ ਬਿਠਾ ਦਿੱਤਾ ਹੈ। ਅਤੇ ਹਰ ਵਰ੍ਹੇ ਕੇਂਦਰੀ ਬਜ਼ਟ ਵਿੱਚ ਮਗਨਰੇਗਾ ਲਈ ਧਨ ਰਾਸ਼ੀ ਘਟਾਈ ਜਾ ਰਹੀ ਹੈ, ਉਵੇਂ ਹੀ ਸਿਹਤ, ਸਿੱਖਿਆ ਲਈ ਬਣਾਏ ਕਾਨੂੰਨਾਂ ਨੂੰ ਆਪਣੇ ਅਧਿਕਾਰ 'ਚ ਕਰਕੇ, ਕੇਂਦਰੀਕਰਨ ਰਾਹੀਂ ਯੂਨੀਵਰਸਿਟੀਆਂ, ਸਿੱਖਿਆ ਸੰਸਥਾਵਾਂ, ਸਿਹਤ ਸੰਸਥਾਵਾਂ 'ਚ ਆਪਣਾ ਖ਼ੂਨੀ ਪੰਜਾ ਕੱਸਿਆ ਹੈ। ਤਾਂ ਕਿ ਭਾਜਪਾ-ਆਰ.ਐੱਸ.ਐੱਸ. ਦੇ ਭਗਵਾਕਰਨ ਦੇ ਅਜੰਡੇ ਨੂੰ ਬਿਨਾਂ ਰੋਕ-ਟੋਕ ਲਾਗੂ ਕੀਤਾ ਜਾ ਸਕੇ ਅਤੇ ਕੋਈ ਵੀ ਸੂਝਵਾਨ ਵਿਅਕਤੀ, ਕੋਈ ਲੋਕ-ਹਿਤੈਸ਼ੀ ਸੂਚਨਾ ਨਾ ਮੰਗੇ, ਨਾ ਹੀ ਉਹਨਾਂ ਦੀ ਡਿਕਟੇਟਰਾਨਾ ਸੋਚ ਉੱਤੇ ਕਿੰਤੂ-ਪਰੰਤੂ ਕਰੇ।

ਦਰਜ਼ਨਾਂ ਨਹੀਂ ਸੈਂਕੜੇ ਉਦਾਹਰਨਾਂ ਹਨ ਕਿ ਵਿਰੋਧੀ ਰਾਜਾਂ ਦੇ ਗਵਰਨਰਾਂ (ਆਪਣੇ ਸੂਬੇਦਾਰਾਂ) ਰਾਹੀਂ ਕੇਂਦਰ ਸਰਕਾਰ ਵੱਲੋਂ ਚੁਣੀਆਂ ਸਰਕਾਰਾਂ ਲਈ ਪਰੇਸ਼ਾਨੀ ਖੜੀ ਕੀਤੀ ਜਾ ਰਹੀ ਹੈ ਅਤੇ ਕੇਂਦਰ ਆਪਣੇ ਹੱਥ ਹਰ ਖੇਤਰ 'ਚ ਮਜ਼ਬੂਤ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਪੰਗੂ ਬਣਾ ਕੇ ਸਿਰਫ਼ ਇੱਕ ਮਿਊਂਸੀਪੈਲਟੀ ਬਣਾਉਣ ਦੇ ਰਾਹ ਹੈ।

ਇਸ ਦੀ ਇੱਕ ਵੱਡੀ ਉਦਾਹਰਨ ਸੂਬੇ ਪੰਜਾਬ ਦੇ 59 ਵਰ੍ਹੇ ਸਥਾਪਨਾ ਦਿਵਸ ਦੇ ਪਹਿਲੇ ਦਿਨ ਪਹਿਲੀ ਨਵੰਬਰ 2025 ਨੂੰ ਭਾਰਤ ਸਰਕਾਰ ਨੇ ਪੰਜਾਬ ਦੀ ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਹਥਿਆਉਣ ਲਈ ਪੰਜਾਬ ਯੂਨੀਵਰਸਿਟੀ ਦੀ ਸੈਨਟ ਅਤੇ ਸਿੰਡੀਕੇਟ ਭੰਗ ਕਰ ਦਿੱਤੀ ਅਤੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿੱਚੋਂ ਚੁਣੇ ਜਾਂਦੇ ਸਨ। ਉਹ ਵਿਵਸਥਾ ਖ਼ਤਮ ਕਰ ਦਿੱਤੀ ਗਈ, ਜਿਸ ਦਾ ਸਿੱਧਾ ਅਰਥ ਯੂਨੀਵਰਸਟੀ ਦਾ ਕੰਟਰੋਲ ਕੇਂਦਰ ਸਰਕਾਰ ਵੱਲੋਂ ਆਪਣੇ ਹੱਥ 'ਚ ਲੈਣਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਆਰ.ਟੀ.ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ। ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ(ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ ।

ਸਾਲ 2005 ਵਿੱਚ ਇਹ ਕਾਨੂੰਨ ਸੰਸਦ ਵਿੱਚ ਪਾਸ ਹੋਇਆ। ਇਸ ਕਾਨੂੰਨ ਅਧੀਨ ਕੋਈ ਵੀ ਨਾਗਰਿਕ ਸਰਕਾਰੀ ਦਫ਼ਤਰ, ਵਿਭਾਗ ਜਾਂ ਸੰਸਥਾ ਤੋਂ ਪੁੱਛ ਸਕਦਾ ਹੈ ਕਿ ਉਸ ਕੋਲ ਜੋ ਸਰਕਾਰੀ ਧਨ ਹੈ, ਉਹ ਕਿੱਥੇ ਆਇਆ? ਕਿੱਥੇ ਖ਼ਰਚਿਆ ਗਿਆ? ਇਹ ਹੱਕ ਸਿਰਫ਼ ਦਸਤਾਵੇਜ ਵੇਖਣ ਤੱਕ ਸੀਮਤ ਨਹੀਂ ਸੀ ਬਲਕਿ ਸਰਕਾਰ ਤੋਂ ਜਵਾਬਦੇਹੀ ਲੈਣ ਦਾ ਇੱਕ ਵੱਡਾ ਔਜ਼ਾਰ ਸੀ।

ਭਾਵੇਂ ਕਿ ਇਸ ਕਾਨੂੰਨ ਨੇ ਸ਼ੁਰੂ 'ਚ ਕਾਫ਼ੀ ਅਸਰ ਵਿਖਾਇਆ। ਅਫ਼ਸਰਸ਼ਾਹੀ ਇਸ ਤੋਂ ਕਾਫ਼ੀ ਭੈ-ਭੀਤ ਹੋਈ। ਇਸ ਕਾਨੂੰਨ ਨਾਲ ਕਈ ਇਤਿਹਾਸਿਕ ਖ਼ੁਲਾਸੇ ਹੋਏ। ਵੱਖੋ-ਵੱਖਰੀਆਂ ਸਕੀਮਾਂ 'ਚ ਖ਼ਰਚਿਆ ਗਿਆ ਪੈਸਾ ਲੋਕਾਂ ਦੇ ਸਾਹਮਣੇ ਆਇਆ, ਜਿਸ ਨਾਲ ਕਈ ਮੁਕੱਦਮੇ ਦਰਜ ਹੋਏ ਅਤੇ ਇਸ ਐਕਟ ਦੇ ਰਾਹੀਂ ਪ੍ਰਾਪਤ ਸੂਚਨਾ ਨੇ ਸਿਆਸਤਦਾਨਾਂ, ਅਫ਼ਸਰਾਂ, ਦਲਾਲਾਂ ਦੀ ਤਿਕੜੀ ਦੇ ਕਈ ਖ਼ੁਲਾਸੇ ਕੀਤੇ। ਮੁੰਬਈ 'ਚ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦਾ ਖ਼ੁਲਾਸਾ ਇਸੇ ਕਾਨੂੰਨ ਤਹਿਤ ਹੋਇਆ।

ਇਹ ਉਹ ਇਮਾਰਤ ਸੀ ਜੋ ਕਾਰਗਿਲ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਬਣਾਈ ਗਈ, ਪਰ ਉਸ ਵਿੱਚ ਨੌਕਰਸ਼ਾਹਾਂ, ਸਿਆਸਤਦਾਨਾਂ, ਸੈਨਾ ਦੇ ਉੱਚ ਅਧਿਕਾਰੀਆਂ ਨੂੰ ਸਸਤੇ ਭਾਅ ਪਲਾਟ ਦਿੱਤੇ ਗਏ। ਸਿੱਟੇ ਵਜੋਂ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰ ਮੰਡਲ ਖੇਡਾਂ ਦੇ ਆਯੋਜਨ ਸਮੇਂ ਸਰਵਜਨਕ ਘੁਟਾਲਾ, ਮਗਨਰੇਗਾ ਅਤੇ ਅਨਾਜ ਵੰਡ ਘੁਟਾਲੇ ਵੀ ਇਸ ਕਾਨੂੰਨ ਤਹਿਤ ਸੂਚਨਾ ਲੈਕੇ ਖੁੱਲ੍ਹੇ। ਚੋਣ ਬਾਂਡ ਨਾਲ ਜੁੜੀਆਂ ਗੁਪਤ ਸੂਚਨਾਵਾਂ ਵੀ ਇਸੇ ਕਾਨੂੰਨ ਤਹਿਤ ਲੋਕ ਕਚਹਿਰੀ 'ਚ ਖੁੱਲੀਆਂ।

ਅਸਲ 'ਚ ਇਹ ਕਾਨੂੰਨ ਪਿੰਡਾਂ ਦੇ ਲੋਕਾਂ ਲਈ ਰਾਸ਼ਨ, ਪੈਨਸ਼ਨ, ਮਜ਼ਦੂਰੀ 'ਚ ਬਕਾਇਆ ਆਦਿ ਦੇ ਲਈ ਵੱਡਾ ਆਸਰਾ ਬਣਿਆ। ਅਸਲ 'ਚ ਇਸ ਕਾਨੂੰਨ ਨੇ ਲੋਕਤੰਤਰ ਨੂੰ ਕੇਵਲ ਸੰਸਦੀ ਦਾਇਰੇ 'ਚ ਹੀ ਨਹੀਂ ਰੱਖਿਆ, ਸਗੋਂ ਲੋਕਾਂ ਦੀ ਆਮ ਜ਼ਿੰਦਗੀ ਤੱਕ ਵੀ ਇਸਦੀ ਪਹੁੰਚ ਬਣੀ।

ਪਰ ਸਫ਼ਲਤਾ ਦੀ ਪੌੜੀ ਚੜ੍ਹਕੇ ਇਹ ਕਾਨੂੰਨ ਧੜੰਮ ਕਰਕੇ (ਮੌਜੂਦਾ ਸਰਕਾਰ ਦੇ ਸਮੇਂ ਖ਼ਾਸ ਕਰਕੇ) ਡਿਗਿਆ ਹੈ। ਅੱਜ ਪਾਰਦਰਸ਼ਤਾ ਲੁਕਾਈ ਜਾ ਰਹੀ ਹੈ। ਅਫ਼ਸਰਸ਼ਾਹੀ ਨੇ ਇਸ ਕਾਨੂੰਨ ਨੂੰ ਸਿਆਸਤਦਾਨਾਂ ਦੀ ਸ਼ਹਿ 'ਤੇ ਛਿੱਕੇ ਟੰਗ ਦਿੱਤਾ ਹੈ। ਜਿਵੇਂ ਦੇਸ਼ 'ਚ ਲੋਕਤੰਤਰ ਗਾਇਬ ਹੋ ਰਿਹਾ ਹੈ, ਡਿਕਟੇਟਰਾਨਾ ਸੋਚ ਵਾਲੇ ਹਾਕਮ ਫੰਨ ਫੈਲਾਅ ਰਹੇ ਹਨ, ਉਵੇਂ ਹੀ ਲੋਕ- ਹਿੱਤੂ ਕਾਨੂੰਨ ਖ਼ਾਮੋਸ਼ ਕੀਤੇ ਜਾ ਰਹੇ ਹਨ।

ਇਹ ਗਹਿਰੀ ਖਾਮੋਸ਼ੀ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਅਧਿਕਾਰੀ ਜਾਣ-ਬੁਝ ਕੇ ਸੂਚਨਾ ਦੇਣ 'ਚ ਦੇਰੀ ਕਰਦੇ ਹਨ, ਉਹਨਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਸੂਬਾਈ ਤੇ ਕੇਂਦਰੀ ਕਮਿਸ਼ਨ ਲਗਭਗ ਚੁੱਪੀ ਧਾਰੀ ਬੈਠੇ ਰਹਿੰਦੇ ਹਨ। ਅਸਲ 'ਚ ਜਵਾਬਦੇਹੀ ਦਾ ਦੌਰ ਜਿਵੇਂ-ਜਿਵੇਂ ਸਿਆਸਤ ਵਿੱਚੋਂ ਗਾਇਬ ਹੋ ਰਿਹਾ ਹੈ, ਉਵੇਂ ਹੀ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਦੀ ਜਵਾਬਦੇਹੀ ਖ਼ਤਮ ਹੋ ਰਹੀ ਹੈ। "ਬੁਲਡੋਜ਼ਰ ਸਿਆਸਤ" ਸਮਾਜ ਅਤੇ ਸਿਆਸਤ ਵਿੱਚ ਭਾਰੂ ਹੋ ਰਹੀ ਹੈ, ਜਿੱਥੇ ਕਾਨੂੰਨ ਲੁਪਤ ਹੋ ਰਿਹਾ ਹੈ ਅਤੇ ਸਿਆਸੀ ਹਾਕਮ ਤੇ ਪੁਲਿਸ ਪ੍ਰਸ਼ਾਸਨ ਸਿੱਧਾ ਆਪੇ ਇਨਸਾਫ਼ ਕਰਦੇ ਤੇ ਆਪਣਾ ਜੰਗਲੀ ਕਾਨੂੰਨ ਲਾਗੂ ਕਰਦੇ ਹਨ।

ਸਾਲ 2005 ਤੋਂ ਹੁਣ ਤੱਕ ਆਰ.ਟੀ.ਆਈ. ਦੇ ਕਈ ਕਾਰਕੁਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਹੜੇ ਕਾਰਕੁਨ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਰਾਜਸਥਾਨ 'ਚ ਸਾਹਮਣੇ ਆਏ ਉਹਨਾਂ 'ਤੇ ਹਮਲੇ ਹੋਏ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਆਰ.ਟੀ.ਆਈ. ਕਾਰਕੁਨਾਂ ਨੂੰ ਸਰਕਾਰੀ ਸੁਰੱਖਿਆ ਨਹੀਂ ਹੈ। ਇਸੇ ਕਰਕੇ ਆਰ.ਟੀ.ਆਈ. ਅਧੀਨ ਸੂਚਨਾ ਲੈਣਾ ਔਖਾ ਹੋ ਗਿਆ ਹੈ।

ਭਾਵੇਂ ਕਿ ਸੂਚਨਾ ਅਧਿਕਾਰ ਲਾਗੂ ਹੋਣ ਨਾਲ ਲੋਕਾਂ ਦੇ ਹੌਂਸਲੇ ਵਧੇ। ਇਸ ਕਾਨੂੰਨ ਤਹਿਤ ਕੋਈ ਵੀ ਵਿਅਕਤੀ ਪ੍ਰਧਾਨ ਮੰਤਰੀ ਦਫ਼ਤਰ, ਸਿਆਸੀ ਪਾਰਟੀ ਅਤੇ ਭਾਰਤੀ ਰਿਜ਼ਰਵ ਬੈਂਕ ਤੱਕ ਦੀ ਜਵਾਬਦੇਹੀ ਬਣਾਉਂਦਾ ਹੈ ਪਰ ਵਿਡੰਬਨਾ ਇਹ ਹੈ ਕਿ ਉਹ ਪ੍ਰਸ਼ਾਸਨ ਪਾਰਦਰਸ਼ਤਾ ਨੂੰ ਲੁਕੋ ਲੈਂਦਾ ਹੈ ਅਤੇ ਸੂਚਨਾ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸੇ ਕਰਕੇ ਸੂਚਨਾ ਦਾ ਅਧਿਕਾਰ ਕਾਨੂੰਨ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਜਦੋਂ ਬੇਰੁਜ਼ਗਾਰਾਂ ਦਾ ਡਾਟਾ ਇਸ ਕਾਨੂੰਨ ਤਹਿਤ ਮੰਗਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਜਦੋਂ ਕੋਵਿਡ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਜਵਾਬ ਸਿੱਧਾ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ।

ਅਸਲ 'ਚ ਹੁਣ ਅਧਿਕਾਰੀ ਇਸ ਕਾਨੂੰਨ ਤੋਂ ਨਹੀਂ ਡਰਦੇ। ਹੁਣ ਜਦੋਂ ਲੋਕ ਉਮੀਦ ਨਾਲ ਅਰਜ਼ੀ ਦਿੰਦੇ ਹਨ ਤਾਂ ਉਹਨਾਂ ਪੱਲੇ ਨਿਰਾਸ਼ਾ ਪੈਂਦੀ ਹੈ। ਜਿਸ ਢੰਗ ਨਾਲ ਦੇਸ਼ 'ਚ ਗ਼ੈਰ-ਲੋਕਤੰਤਰਿਕ ਸਥਿਤੀ ਪੈਦਾ ਹੋ ਗਈ ਹੈ, ਤਿਕੜੀ -ਰਾਜ ਪੂਰੇ ਦੇਸ਼ 'ਚ ਛਾਇਆ ਹੈ। ਰਾਜਨੀਤੀ ਦਾ ਅਪਰਾਧੀਕਰਨ ਹੋ ਗਿਆ ਹੈ। ਕਾਰਪੋਰੇਟ ਘਰਾਨਿਆਂ ਦੇਸ਼ 'ਤੇ ਜਕੜ ਪੀਡੀ ਕਰ ਲਈ ਹੈ। ਨਿੱਜੀਕਰਨ ਦੇਸ਼ 'ਚ ਵੱਧ ਰਿਹਾ ਹੈ ਅਤੇ ਸਿਆਸੀ ਲੋਕ, ਕਾਰਪੋਰੇਟਾਂ ਨੇ ਆਪਣੇ ਹੱਥਾਂ 'ਚ ਕਰ ਲਏ ਹਨ।

ਸਿਆਸੀ ਲੋਕਾਂ ਵੱਲੋਂ ਲੋਕ ਦਿਖਾਵੇ ਹਿੱਤ ਲੋਕਤੰਤਰ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਪਰ ਲੋਕ-ਹਿਤੈਸ਼ੀ ਸਾਰੇ ਕਾਰਜਾਂ ਨੂੰ ਖ਼ਤਮ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਤਹਿਤ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ ਹੈ ਪਰ ਇਹਨਾਂ ਨੂੰ ਅੰਦਰੋਂ ਖੋਰਾ ਲਾਇਆ ਜਾ ਰਿਹਾ ਹੈ।

ਇਸ ਕਾਨੂੰਨ ਨੇ ਲੋਕਤੰਤਰ ਵਿੱਚ ਇੱਕ ਨਵੀਂ ਰੂਹ ਫੂਕੀ ਸੀ। ਜਾਗਰੂਕਤਾ ਦੀ ਇੱਕ ਨਵੀਂ ਮਿਸ਼ਾਲ ਬਲੀ ਸੀ। ਸੂਚਨਾ ਦਾ ਕਾਨੂੰਨ ਅਧਿਕਾਰ ਸਾਨੂੰ ਦਰਸਾਉਂਦਾ ਹੈ ਕਿ ਲੋਕਤੰਤਰ ਸਿਰਫ਼ ਵੋਟ ਪਾਉਣ ਦਾ ਹੱਕ ਹੀ ਨਹੀਂ, ਸਗੋਂ ਸੱਤਾ ਵਿੱਚ ਜਵਾਬ ਮੰਗਣ ਦਾ ਹੱਕ ਵੀ ਹੈ।

ਕੀ ਅੱਜ ਦੀ ਸਥਿਤੀ ਵਿੱਚ ਇਹ ਸਮਾਂ ਨਹੀਂ ਆ ਰਿਹਾ ਕਿ ਨਾਗਰਿਕ ਸਮਾਜ, ਨਿਆਪਾਲਿਕਾ ਅਤੇ ਇਮਾਨਦਾਰ ਨੌਕਰਸ਼ਾਹੀ ਮਿਲ ਕੇ ਪਾਰਦਰਸ਼ਤਾ ਦੀ ਇਸ ਭਾਵਨਾ ਨੂੰ ਪੁਨਰ ਸੁਰਜੀਤ ਕਰੇ?

ਯਾਦ ਰੱਖਣਾ ਬਣਦਾ ਹੈ ਕਿ ਲੋਕਤੰਤਰ ਸਿਰਫ਼ ਕਾਨੂੰਨਾਂ ਨਾਲ ਨਹੀਂ ਚੱਲਦਾ। ਇਹ ਨਾਗਰਿਕਾਂ ਦੀ ਜਾਗਰੂਕਤਾ, ਸਤਰਕਤਾ ਅਤੇ ਰਾਜ ਭਾਗ ਦੀ ਜਵਾਬਦੇਹੀ ਨਾਲ ਜਿਉਂਦਾ ਰਹਿੰਦਾ ਹੈ। ਲੋਕ ਸਵਾਲ ਪੁੱਛਣਗੇ, ਲੋਕਤੰਤਰ ਦੀ ਰੌਸ਼ਨੀ ਬਲਦੀ ਰਹੇਗੀ ਅਤੇ ਕਦੇ ਵੀ ਬੁਝ ਨਹੀਂ ਸਕੇਗੀ।



ਗੁਰਮੀਤ ਸਿੰਘ ਪਲਾਹੀ
98158-02070

# ਬਮਿਆਲ ਵਿਖੇ ਹੜ੍ਹ ਪੀੜਤ ਪਰਿਵਾਰਾਂ ਨੂੰ ਫਸਲਾਂ ਦੇ ਮੁਆਵਜ਼ੇ ਦੀ ਵੰਡ: ਕੈਬਨਿਟ ਮੰਤਰੀ

ਪਠਾਨਕੋਟ
ਸਾਂਝੀ ਸੋਚ ਬਿਊਰੋ

ਅੱਜ ਪਿੰਡ ਬਮਿਆਲ ਵਿਖੇ ਸਥਿਤ ਸਰਕਾਰੀ ਆਈ.ਟੀ.ਆਈ. ਵਿੱਚ ਹੜ੍ਹ ਪੀੜਤ ਪਰਿਵਾਰਾਂ ਨੂੰ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਵੰਡਣ ਲਈ ਇਕ ਵਿਸ਼ਾਲ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਰੋਹ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਹੱਥੀਂ ਪੀੜਤ ਪਰਿਵਾਰਾਂ ਨੂੰ ਚੈਕ ਵੰਡੇ।ਇਸ ਮੌਕੇ ਤੇ ਸਰਵਸ੍ਰੀ ਨਰੇਸ਼ ਸੈਣੀ (ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ), ਸੂਬੇਦਾਰ ਕੁਲਵੰਤ ਸਿੰਘ (ਬਲਾਕ ਪ੍ਰਧਾਨ), ਮੁਨੀਸ ਕੁਮਾਰ ਛੋਟੂ (ਸਰਪੰਚ ਬਮਿਆਲ), ਯਸਪਾਲ (ਪ੍ਰਧਾਨ ਮਾਂ ਵੇਸ਼ਣੋ ਕਲੱਬ ਬਮਿਆਲ) ਸਮੇਤ ਆਮ ਆਦਮੀ ਪਾਰਟੀ ਦੇ ਅਨੇਕਾਂ ਵਰਕਰ ਹਾਜ਼ਰ ਸਨ।ਸਮਾਰੋਹ ਨੂੰ ਸੰਬੋਧਤ ਕਰਦਿਆਂ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਨੇ ਪੂਰੇ ਪੰਜਾਬ ਵਿਚ ਤਬਾਹੀ ਮਚਾਈ, ਜਿਸ ਨਾਲ ਕਿਸਾਨਾਂ ਦੀਆਂ ਫਸਲਾਂ, ਘਰਾਂ ਅਤੇ ਪਸ਼ੂ-ਧਨ ਨੂੰ ਭਾਰੀ ਨੁਕਸਾਨ ਪਹੁੰਚਿਆ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਭੋਆ ਦੇ ਕਰੀਬ 82 ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ, ਜਿੱਥੇ ਲੋਕਾਂ ਨੇ ਆਪਣੀ ਜਾਨ ਮਾਲ ਦੋਵੇਂ ਗਵਾਏ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਹੜ੍ਹ ਪੀੜਤਾਂ ਨਾਲ ਕੀਤੇ ਵਾਅਦੇ ਨੂੰ ਨਿਭਾਉਂਦੇ ਹੋਏ ਇਹ ਐਲਾਨ ਕੀਤਾ ਸੀ ਕਿ ਦੀਵਾਲੀ ਤੋਂ ਪਹਿਲਾਂ ਫਸਲਾਂ ਦਾ ਮੁਆਵਜ਼ਾ ਲੋਕਾਂ ਤੱਕ ਪੁਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੇ 21 ਪਿੰਡਾਂ ਵਿੱਚ ਪਹਿਲੇ ਹੀ ਮੁਆਵਜ਼ੇ ਦੀ ਰਕਮ ਵੰਡ ਦਿੱਤੀ ਗਈ ਸੀ, ਅਤੇ ਅੱਜ ਬਮਿਆਲ ਵਿਖੇ ਆਯੋਜਿਤ ਸਮਾਰੋਹ ਦੌਰਾਨ ਤਹਿਸੀਲ ਬਮਿਆਲ ਅਤੇ ਨਰੋਟ ਜੈਮਲ ਸਿੰਘ ਦੇ ਕੁੱਲ 14 ਪਿੰਡਾਂ ਜਿਵੇਂ ਕਿ ਮੁੱਠੀ, ਮਨਵਾਲ ਮੰਗਵਾਲ, ਦਨਵਾਲ, ਖੋਜਕੀ ਚੱਕ, ਕੋਟਲੀ ਜਵਾਹਰ, ਪਲਾਹ, ਬਮਿਆਲ, ਅਖਵਾੜਾ, ਪੋਲਾ, ਕੋਹਲੀਆਂ, ਕਿੱਲਪੁਰ, ਫਿਰੋਜਾ, ਖੁਦਾਈਪੁਰ ਅਤੇ ਚੜਕ ਦੇ ਕਰੀਬ 350 ਪਰਿਵਾਰਾਂ ਨੂੰ ਇੱਕ ਕਰੋੜ 30 ਲੱਖ ਰੁਪਏ ਦੀ ਰਕਮ ਫਸਲਾਂ ਦੇ ਮੁਆਵਜ਼ੇ ਵਜੋਂ ਵੰਡ ਕੀਤੀ ਗਈ ਹੈ।ਉਨ੍ਹਾਂ ਭਰੋਸਾ ਦਵਾਇਆ ਕਿ ਬਾਕੀ ਪਿੰਡਾਂ ਦੇ ਪੀੜਤ ਪਰਿਵਾਰਾਂ ਨੂੰ ਵੀ ਅਗਲੇ ਕੁਝ ਦਿਨਾਂ ਵਿੱਚ ਮੁਆਵਜ਼ਾ ਪ੍ਰਦਾਨ ਕਰ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਨੇ ਇਸ ਮੌਕੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਕਿਸਾਨਾਂ ਤੇ ਆਮ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਸਮਾਰੋਹ ਦੇ ਅੰਤ ਵਿੱਚ ਉਨ੍ਹਾਂ ਨੇ ਸਾਰੇ ਪੀੜਤ ਪਰਿਵਾਰਾਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਰੱਬ ਅਗਲੀ ਰੁੱਤ ਵਿੱਚ ਸਭ ਨੂੰ ਚੰਗੀਆਂ ਤੇ ਲਹਿਰਦਾਰ ਫਸਲਾਂ ਬਖ਼ਸ਼ੇ।

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com



ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਅਵਤਾਰ ਗੁਰਪੁਰਬ ਦੀਆਂ ਖੁਸ਼ੀਆਂ ਮਨਾਉਣ ਲਈ
ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ ਮਹਾਂਪੁਰਖਾਂ ਦੇ ਪਵਿੱਤਰ ਯਾਦਗਾਰੀ ਅਸਥਾਨ
ਗੁਰਦੁਆਰਾ ਗੁਰਮਤ ਪ੍ਰਕਾਸ਼, ਮਨਟੀਕਾ (USA) ਵਿਖੇ
ਸਲਾਨਾ ਮਹਾਨ ਨਗਰ ਕੀਰਤਨ
9 ਨਵੰਬਰ, 2025 ਦਿਨ ਐਤਵਾਰ
ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ
ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ
5 ਸਤੰਬਰ 2025 ਦਿਨ ਸ਼ੁੱਕਰਵਾਰ
ਅਵਤਾਰ ਗੁਰਪੁਰਬ
5 ਨਵੰਬਰ 2025 ਦਿਨ ਬੁੱਧਵਾਰ
ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ
9 ਨਵੰਬਰ 2025 ਦਿਨ ਐਤਵਾਰ
ਨਿਸ਼ਾਨ ਸਾਹਿਬ ਦੀ ਸੇਵਾ
1 ਨਵੰਬਰ ਦਿਨ ਸ਼ਨੀਵਾਰ ਸਵੇਰੇ 10 ਵਜੇ
ਨਗਰ ਕੀਰਤਨ
9 ਨਵੰਬਰ 2025 ਦਿਨ ਐਤਵਾਰ
2 ਨਵੰਬਰ ਐਤਵਾਰ ਤੋਂ 9 ਨਵੰਬਰ 2025 ਐਤਵਾਰ ਤੱਕ
ਹਰ ਰੋਜ਼ ਸ਼ਾਮ ਦੇ ਦੀਵਾਨ ਸਜਾਏ ਜਾਣਗੇ
ਗਿਆਨੀ ਗੁਰਮਿੰਦਰ ਸਿੰਘ ਜੀ
ਸੰਚਖੰਡ ਸ੍ਰੀ ਹਰਿਮੰਦਰ ਸਾਹਿਬ ਵਾਲੇ
ਡਾ. ਤਜਿੰਦਰ ਸਿੰਘ ਜੀ (USA)
ਰਾਗੀ ਜਥਾ
ਗਿਆਨੀ ਲਖਵਿੰਦਰ ਸਿੰਘ ਜੀ ਸੋਹਲ
ਢਾਡੀ ਜਥਾ
ਹੋਰ ਪ੍ਰਸਿੱਧ ਰਾਗੀ ਤੇ ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ
ਇਸ ਪਵਿੱਤਰ ਮੌਕੇ ਤੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ।
ਨਗਰ ਕੀਰਤਨ ਦੇ ਦਿਨ ਜਿਹੜੀਆਂ ਸੰਗਤਾਂ ਦੁਕਾਨਾਂ ਲਗਾਉਣ ਦੀ ਇੱਛਾ ਰੱਖਦੀਆਂ ਹਨ
ਭਾਈ ਪਰਮਜੀਤ ਸਿੰਘ ਸਨੀ (510-376-6591) ਜਾਂ ਭਾਈ ਮਨਮੋਹਨ ਸਿੰਘ ਮੋਹਣੀ (209-456-1592) ਨਾਲ ਸੰਪਰਕ ਕਰ ਸਕਦੀਆਂ ਹਨ।
ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਚੜ੍ਹ ਕੇ ਹਾਜ਼ਰੀ ਭਰਨ ਲਈ
2050 West Woodward Ave, Manteca CA 95337 ਪਹੁੰਚਣ ਅਤੇ ਗੁਰਪੁਰਬ ਦੀਆਂ ਖੁਸ਼ੀਆਂ ਵਿੱਚ ਭਾਗੀਦਾਰ ਬਣਨ।
ਬੇਨਤੀ ਕਰਤਾ
ਗੁਰਦੁਆਰਾ ਪ੍ਰਧਾਨ ਭਾਈ ਜਰਨੈਲ ਸਿੰਘ ਜੀ (209)321-1733 ਅਤੇ ਹੈਡ ਗ੍ਰੰਥੀ ਬਾਬਾ ਜੋਗਿੰਦਰ ਸਿੰਘ ਜੀ (209) 445-5972


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ

ਸਤਿਗੁਰ ਨਾਨਕ ਪ੍ਰਗਟਿਆ,ਮਿਟੀ ਧੁੰਧ ਜਗਿ ਚਾਨਣੁ ਹੋਆ॥
ਜਿਉਂ ਕਰ ਸੂਰਜੁ ਨਿਕਲਿਆ,ਤਾਰੇ ਛਪੇ ਅੰਧੇਰੁ ਪਲੋਆ

( ਵਾਰ 1, ਪਾਉੜੀ 27)

ਭਾਈ ਗੁਰਦਾਸ ਜੀ ਦੀ ਬਾਣੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ਼ ਸੰਸਾਰ ਵਿੱਚ ਫ਼ੈਲਿਆ ਅਗਿਆਨਤਾ ਰੂਪੀ ਹਨੇਰਾ ਦੂਰ ਹੋ ਗਿਆ।ਇਸ ਤਰ੍ਹਾਂ ਸਤਿਗੁਰੂ ਕਲਯੁਗ ਵਿੱਚ ਪ੍ਰਗਟਿਆ।ਜੋ ਸੰਸਾਰ ਨੂੰ ਤਾਰਨ ਦੇ ਲਈ ਇਸ ਜਗਤ ਵਿੱਚ ਆਏ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਪਿਤਾ ਸ੍ਰੀ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਦੇਵੀ ਦੀ ਕੁੱਖੋਂ ਰਾਏ ਭੋਇੰ ਦੀ ਤਲਵੰਡੀ ਨਨਕਾਣਾ ਸਾਹਿਬ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੋਇਆ।

ਜਿੱਥੇ ਬਚਪਨ ਵਿੱਚ ਹੀ ਆਪ ਜੀ ਨੇ ਆਪਣੀ ਵਿਲੱਖਣ ਬੁੱਧੀ ਦੇ ਸਦਕਾ ਵੱਡੇ ਵੱਡੇ ਗੁਣੀ ਗਿਆਨੀ ਮਹਾਂਪੁਰਖਾਂ ਨੂੰ ਪ੍ਰਵਚਨਾਂ ਰਾਹੀਂ ਪ੍ਰਸੰਨ ਕੀਤਾ। ਉੱਥੇ ਹੀ ਆਪ ਜੀ ਨੇ ਚੌਂਹ ਵਰਨਾਂ ਨੂੰ ਸਾਂਝਾ ਉਪਦੇਸ਼ ਦਿੱਤਾ।

ਆਪ ਜੀ ਨੇ ਆਪਣੇ ਜੀਵਨ ਵਿੱਚ ਹਮੇਸ਼ਾ ਦੂਰ ਅੰਦੇਸ਼ੀ ਦੇ ਨਾਲ ਹੀ ਸੋਚਿਆ ਜਿਸ ਦੀ ਮਿਸਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਇੱਕ ਅਜਿਹੀ ਪ੍ਰਿਤ ਪਾਈ ਕਿ ਅੱਜ ਵੀ ਜਿਉਂ ਦੀ ਤਿਉਂ ਬਰਕਰਾਰ ਹੈ ਆਪ ਜੀ ਨੇ ਆਪਣੇ ਜੀ ਨੇ ਦੁਨੀਆਂ ਨੂੰ ਜੋ ਵੀ ਉਪਦੇਸ਼ ਦਿੱਤਾ ,ਉਹ ਹਮੇਸ਼ਾ ਤਰਕ ਤੇ ਦਲੀਲ ਨਾਲ ਦਿੱਤਾ।ਭੁੱਲੇ ਭਟਕਿਆ ਨੂੰ ਕੁਰਾਹੇ ਤੋਂ ਰਾਹੇ ਪਾਉਣ ਲਈ ਹਮੇਸ਼ਾ ਆਪਣੇ ਵਿਚਾਰ ਬੜੇ ਸਹਿਜ ਸੁਭਾਅ ਅਤੇ ਦ੍ਰਿੜਤਾ ਨਾਲ਼ ਰੱਖੇ। ਜਿਸ ਕਰਕੇ ਸਾਹਮਣੇ ਵਾਲ਼ਾ ਨਿਰਉੱਤਰ ਹੋ ਜਾਂਦਾ। ਆਪ ਦਾ ਮੁਰੀਦ ਹੋ ਜਾਂਦਾ।

ਆਪ ਜੀ ਨੇ ਦੁਨੀਆ ਨੂੰ ਕੇਵਲ ਭਗਤੀ ਦੇ ਮਾਰਗ ਨਾਲ਼ ਹੀ ਨਹੀਂ ਜੋੜਿਆ ਸਗੋਂ ਉਨ੍ਹਾਂ ਨੂੰ ਕੁਦਰਤ ਅਤੇ ਕਾਦਰ ਵੱਲੋਂ ਬਖਸ਼ੇ ਸਾਹਾਂ ਰੂਪੀ ਖ਼ਜ਼ਾਨੇ ਨੂੰ ਸੰਭਾਲਣ ਲਈ ਲੋੜੀਂਦੀ ਸਾਧਨਾਂ ਨੂੰ ਸੰਭਾਲਣ ਲਈ ਹੋਕਾ ਦਿੱਤਾ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

(ਬਾਣੀ ਜਪੁਜੀ ਸਾਹਿਬ)

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਆਪ ਜੀ ਨੇ ਆਪਣੀ ਬਾਣੀ ਰਾਹੀਂ ਜਿੱਥੇ ਲੋਕਾਂ ਨੂੰ ਆਪਸੀ ਭਾਈਚਾਰੇ, ਹੱਥੀਂ ਕਿਰਤ ਕਰੋ, ਨਾਮ ਜਪੋ, ਵੰਡ ਛੱਕੋ ਦਾ ਉਪਦੇਸ਼ ਦਿੱਤਾ ਉੱਥੇ ਹੀ ਸਮਾਜ ਵਿੱਚ ਔਰਤ/ਇਸਤਰੀ ਜਾਤੀ ਨਾਲ਼ ਹੋ ਰਹੀ ਨਾ ਬਰਾਬਰੀ ਦੇ ਵਿਰੁੱਧ ਆਪਣੀ ਅਵਾਜ਼ ਬੁਲੰਦ ਕੀਤੀ ਔਰਤ ਦੇ ਸਨਮਾਨ/ਹੱਕ ਵਿੱਚ ਖੜ੍ਹੇ ਦਿਖਾਈ ਦਿੰਦੇ ਹਨ

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਵਾਰ ਆਸਾ ਮਹਲਾ ੧)

ਗੁਰੂ ਨਾਨਕ ਦੇਵ ਜੀ ਇੱਕ ਮਹਾਨ ਉਹਨਾਂ ਨੇ ਦੱਬੇ -ਕੁਚਲ਼ੇ ਲੋਕਾਂ ਦੇ ਹੱਕ ਵਿੱਚ ਅਵਾਜ਼ ਉਠਾਈ। ਬਿਨਾਂ ਕਿਸੇ ਭੇਦ ਭਾਵ ਤੋਂ ਉਪਦੇਸ਼ ਦਿੱਤਾ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਗੁਰੂ ਜੀ ਦਾ ਉਪਦੇਸ਼ ਕਿਸੇ ਇੱਕ ਫਿਰਕੇ ਜਾਂ ਜਾਤ ਦੇ ਲੋਕਾਂ ਲਈ ਨਹੀਂ ਸਗੋਂ ਉਨ੍ਹਾਂ ਦਾ ਦਾ ਉਪਦੇਸ਼ ਸਗੋਂ ਸਭ ਲਈ ਸਾਂਝਾ ਹੈ।ਪਰ ਅੱਜ ਕੱਲ੍ਹ ਅਸੀਂ ਉਨ੍ਹਾਂ ਦੇ ਉਪਦੇਸ਼ ਅਤੇ ਬਾਣੀ ਨੂੰ ਭੁੱਲਦੇ ਜਾ ਰਹੇ ਹਾਂ ਜਿਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਕਰਨ ਲਈ ਉਨ੍ਹਾਂ ਨੇ ਆਪਣੀਆਂ ਚਾਰ ਉਦਾਸੀਆਂ ਕੀਤੀਆਂ।ਸਿੱਧ ਗੋਸ਼ਟਿ,ਤਰਕ ਵਿਤਰਕ,ਭੁੱਲੇ ਭਟਕਿਆ ਨੂੰ ਸੱਚ ਦਾ ਰਾਹ ਦਿਖਾਇਆ। ਅਤੇ ਇੱਕ ਸ਼ਾਇਰ ਦੇ ਅਨੁਸਾਰ;


ਬੁਰੇ ਨਾਲ਼ ਸਭ ਬੁਰਾ ਕਰੇਂਦੇ, ਮੁਆਫ਼ ਕਰਨ ਕਈ ਸਿਆਣੇ,
ਬੁਰਿਆਂ ਨਾਲ਼ ਕਿੰਝ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੈ।

ਬੁਰਿਆਂ ਦੇ ਨਾਲ਼ ਨੇਕੀ ਕੀਤੀ, ਚੋਰਾਂ, ਠੱਗਾਂ ਨੂੰ,ਕਾਮੀ ਕਰੋਧੀਆਂ ਨੂੰ ਸੱਚ ਦਾ ਮਾਰਗ ਬਿਨਾਂ ਕਿਸੇ ਪਾਖੰਡ, ਬਿਨਾਂ ਕਿਸੇ ਚਮਤਕਾਰ, ਬਿਨਾਂ ਕਿਸੇ ਕੋਈ ਕੌਤਕ ਰਚਾਇਆਂ ਉਨ੍ਹਾਂ ਨੂੰ ਸਿੱਧੇ ਰਸਤੇ ਪਾਇਆ।

ਆਪਣੇ ਗਿਆਨ,ਸੂਝ,ਤੀਖਣ ਬੁੱਧੀ ਖੰਡ ਬ੍ਰਹਿਮੰਡ ਦੀ ਜਾਣਕਾਰੀ, ਨਿਰਮਲਤਾ, ਕੋਮਲਤਾ ਸੂਖਮਤਾ ਅਤੇ ਸਹਿਜਤਾ ਦੇ ਨਾਲ਼। ਅੱਜ ਅਸੀਂ ਉਨ੍ਹਾਂ ਹੀ ਪਾਖੰਡਵਾਦ, ਅਧਰਮੀ,ਕਾਮੀ ਕ੍ਰੋਧੀ,ਹੋ ਚੁੱਕੇ ਹਾਂ।ਸੋ ਲੋੜ ਹੈ ਸਾਨੂੰ ਉਨ੍ਹਾਂ ਦੇ ਬਾਣੇ ਦੀ ਥਾਂ ਬਾਣੀ ਦੇ ਧਾਰਨੀ ਹੋਣ ਦੀ। ਨਹੀਂ ਤਾਂ ਸਾਡੀ ਹਾਲਤ ਮਨ ਖੋਟੇ ਤਨ ਚੋਰਟਿਆਂ ਵਾਲ਼ੀ ਹੋ ਜਾਣੀ ਹੈ।



SANJHI SOCH
ਰਣਬੀਰ ਸਿੰਘ ਪ੍ਰਿੰਸ
ਸ਼ਾਹਪੁਰ ਕਲਾਂ ਆਫਿਸਰ ਕਾਲੋਨੀ
ਸੰਗਰੂਰ 9872299613






# JK TYRE INC

## JKTYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-


With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

## 2955 N. Wilson Way Stockton , CA 95205


Pal Films Production
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


NOW OPEN
NOW OPEN
Tandoori FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
''ਅਸੀਂ ਆਪਣੇ ਖਾਣੇ 'ਚ ਫੂਡ-ਕਲਰ ਨਹੀਂ ਵਰਤਦੇ।''
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਸ਼ਬਦਾਂ ਦੀ ਚੋਣ

ਕੋਈ ਵੀ ਚੀਜ਼ ਦਿਲ ਦਿਮਾਗ ਤੱਕ ਵਾਇਆ ਅੱਖਾਂ, ਕੰਨ ਅਤੇ ਮੂੰਹ ਦੇ ਰਾਹੀਂ ਅੰਦਰ ਜਾਂਦੀ ਹੈ ਤੇ ਦਿਮਾਗ ਫੈਸਲਾ ਲੈਂਦਾ ਹੈ। ਇਹ ਹਰ ਮਨੁੱਖ ਦੀ ਪਹਿਲੀ ਸਟੇਜ ਹੁੰਦੀ ਹੈ। ਜਦੋਂ ਉਹੀ ਵਸਤੂ ਚਾਹੇ ਉਹ ਕੁਝ ਵੀ ਹੋਵੇ ਵਾਰ ਵਾਰ ਮਨੁੱਖ ਕਰੀ ਜਾਵੇ ਤਾਂ ਉਹ ਆਦਤ ਬਣ ਜਾਂਦੀ ਹੈ ਇਹ ਦੂਜੀ ਸਟੇਜ ਹੁੰਦੀ ਹੈ। ਜਦੋਂ ਉਹ ਆਦਤ ਵਾਰ ਵਾਰ ਦੁਹਰਾਈ ਜਾਵੇ ਤਾਂ ਉਹੀ ਆਦਤ ਇਕ ਦਿਨ ਤੁਹਾਡਾ ਸੁਭਾਅ ਬਣ ਜਾਂਦਾ ਹੈ। ਇਹ ਮਨੁੱਖ ਦੀ ਤੀਜੀ ਸਟੇਜ ਹੈ। ਅਗਰ ਮਨੁੱਖ ਆਪਣੇ ਸੁਭਾਅ ਨੂੰ ਨਹੀਂ ਦੇਖਦਾ ਤਾਂ ਹੌਲੀ ਹੌਲੀ ਉਹ ਪੱਕਾ ਹੋ ਜਾਂਦਾ ਹੈ ਇਹ ਮਨੁੱਖ ਦੀ ਆਖਰੀ ਸਟੇਜ ਹੈ। ਆਖਰੀ ਸਟੇਜ ਵਿੱਚ ਮਨੁੱਖ ਨੂੰ ਪਤਾ ਹੀ ਨਹੀਂ ਚੱਲਦਾ ਕਿ ਉਹ ਕੀ ਕਹਿ ਰਿਹਾ ਹੈ ਕੋਈ ਵੀ ਗਤੀਵਿਧੀ ਕਰੇ ਮਨੁੱਖ ਨੂੰ ਨਹੀਂ ਪਤਾ ਚੱਲਦਾ ਕਿ ਕੀ ਸਹੀ ਹੈ ਕੀ ਗਲਤ ਹੈ ।ਆਖਰੀ ਸਟੇਜ ਤੋਂ ਵਾਪਸ ਆਉਣਾ ਬਹੁਤ ਮੁਸ਼ਕਿਲ ਹੈ। ਓਨੀ ਦੇਰ ਵਾਪਸ ਨਹੀਂ ਆਇਆ ਜਾ ਸਕਦਾ ਜਿੰਨੀ ਦੇਰ ਮਨੁੱਖ ਆਪਣੇ ਆਪ ਨੂੰ ਨਹੀਂ ਜਾਣਦਾ ਤੇ ਨਹੀਂ ਸਮਝਦਾ। ਅੱਜ ਜਦੋਂ ਅਸੀਂ ਦੇਖਦੇ ਆਂ ਸਾਡੀ ਸ਼ਬਦਾਵਲੀ ਗੁਰੂ ਸਾਹਿਬ ਲਈ ਵਰਤੀ, ਸਾਨੂੰ ਲੱਗਦਾ ਹੀ ਨਹੀਂ ਹੈ ਕਿ ਉਹ ਗਲਤ ਹੈ ਕੀ ਸਾਡੇ ਪ੍ਰਚਾਰਕ ,ਕੀ ਕਮੇਟੀਆਂ,ਕੀ ਗਾਇਕ, ਕੀ ਐਕਟਰ ਕੀ ਆਮ ਨਾਗਰਿਕ ਵਰਤੀ ਜਾ ਰਿਹਾ ਹੁਣ ਦੀ ਤਾਜਾ ਘਟਨਾ ਸਤਿੰਦਰ ਸਰਤਾਜ ਦੁਬਾਰਾ ਗਾਇਆ ਹੋਇਆ ਹਿੰਦੀ ਵਿੱਚ ਗੀਤ ਕਿੰਨੇ ਲਫਜ਼ ਗਲਤ ਵਰਤੇ ਹਨ। ਗੀਤ ਦੀ ਪਹਿਲੀ ਲਾਈਨ (ਨੌਵੇਂ ਗੁਰੂ ਪੈਦਾ ਹੂਏ) ਗੁਰੂ ਪੈਦਾ ਨਹੀਂ ਹੁੰਦਾ ਗੁਰੂ ਪ੍ਰਕਾਸ਼ ਹੁੰਦਾ ਹੈ। ਦੂਸਰਾ ਉਸਨੇ (ਉਸ ਤੇਗ ਸੇ ਹੀ ਬਾਅਦ ਮੇਂ ਜਨਮਾ ਥਾ ਖਾਲਸਾ) ਖਾਲਸਾ ਜਨਮ ਨਹੀਂ ਲੈਂਦਾ ਖਾਲਸਾ ਪ੍ਰਗਟ ਹੁੰਦਾ ਹੈ।( ਹਮ ਸੀਸ ਵਾਰ ਦੇਗੇਂ ਹਿੰਦੂਓ ਕੇ ਵਾਸਤੇ ) ਇੱਥੇ ਹਿੰਦੂਆਂ ਲਈ ਨਹੀਂ ਮਜਲੂਮਾਂ ਦੇ ਵਾਸਤੇ ਆਉਣਾ ਚਾਹੀਦਾ ਸੀ। (ਨੌ ਸਾਲ ਕੇ ਗੋਬਿੰਦ ਸੇ ਇਕਰਾਰ ਕੀਏ ਥੇ) ਇਕੱਲਾ ਗੋਬਿੰਦ ਸ਼ਬਦ ਵਰਤਣਾ ਕਿੰਨੀ ਘਟੀਆ ਗੱਲ ਹੈ ।ਗੋਬਿੰਦ ਸਿੰਘ ਸੇ ਇਕਰਾਰ ਕੀਏ ਥੇ ਵੀ ਵਰਤ ਸਕਦਾ ਸੀ । ਗੁਰੂ ਸਾਹਿਬ ਨੂੰ ਸਤਿਕਾਰ ਨਾਲ ਉਚਾਰਨਾ ਹਰ ਸਿੱਖ ਦਾ ਮੁਢਲਾ ਫਰਜ਼ ਹੈ। ਗੁਰੂ ਸਾਹਿਬ ਹਿੰਦ ਦੀ ਚਾਦਰ ਨਹੀਂ ਹਨ। ਹਿੰਦ ਦੀ ਚਾਦਰ ਕਿੱਥੋਂ ਆਇਆ ਅੱਜ ਤੱਕ ਕਿਸੇ ਨੂੰ ਨਹੀਂ ਪਤਾ ਹੁਣ ਤਾਂ ਹਿੰਦੂ ਧਰਮ ਦੀ ਚਾਦਰ ਵੀ ਕਹਿਣਾ ਆਪਾਂ ਚਾਲੂ ਕਰ ਦਿੱਤਾ ਹੈ।ਉਹ ਸਿੱਖੋ ਜਿਹੜੇ ਰੂਹਾਨੀਅਤ ਦੇ ਮਾਪਦੰਡ ਹੁੰਦੇ ਹਨ ਉਹ ਕਿਸੇ ਖਿੱਤੇ ਜਾਂ ਇਲਾਕੇ ਦੇ ਮੁਹਤਾਜ ਨਹੀਂ ਹੁੰਦੇ। ਜੇ ਹਿੰਦ ਦੀ ਹੀ ਗੱਲ ਕਰੀਏ ਹਿੰਦ ਤਾਂ ਕਿਸੇ ਸਮੇਂ ਕਾਬਲ ਤੋਂ ਜਲਾਲਾਬਾਦ ਤੋਂ ਲੈ ਕੇ ਤਿਬੱਤ ਤੱਕ ਹੁੰਦਾ ਸੀ।ਤੇ ਹਿੰਦੁਸਤਾਨ ਵਿੱਚ ਕਦੀ ਪਾਕਿਸਤਾਨ ਨਿਕਲ ਗਿਆ, ਕਦੀ ਚਾਈਨਾ ਨੇ ਜਮੀਨ ਦੱਬ ਲਈ, ਭਾਰਤ ਤਾਂ ਸੁੰਘੜ ਰਿਹਾ ਹੈ। ਕੀ ਹਿੰਦ ਦੀ ਚਾਦਰ ਸੁੰਘੜ ਕੇ ਛੋਟੀ ਹੋ ਜਾਵੇਗੀ ਕੀ ਗੁਰੂ ਸਾਹਿਬ ਦੀ ਸ਼ਖਸ਼ੀਅਤ ਹਿੰਦ ਦੇ ਮੁਤਾਬਿਕ ਹਿੰਦੁਸਤਾਨ ਦਾ ਇਲਾਕਾ ਹੀ ਹੋਵੇਗਾ। ਅਗਰ ਇਹ ਗੱਲ ਹੈ ਤਾਂ ਤੁਹਾਡੇ ਖਾਲਿਸਤਾਨ ਵਿੱਚ ਤਾਂ ਇਹ ਚਾਦਰ ਨਹੀਂ ਰਹੇਗੀ। ਅਗਰ ਉਸ ਵਕਤ ਰਾਜ ਹਿੰਦੂ ਦਾ ਹੁੰਦਾ ਤੇ ਜ਼ੁਲਮ ਮੁਸਲਮਾਨ ਤੇ ਹੁੰਦਾ ਫਿਰ ਵੀ ਗੁਰੂ ਸਾਹਿਬ ਸ਼ਹਾਦਤ ਦਿੰਦੇ। ਨਾ ਇਸ ਦਾ ਸਬੰਧ ਧਰਮ ਨਾਲ ਨਾ ਹੀ ਕਿਸੇ ਖਿੱਤੇ ਨਾਲ ਹੈ। ਇਹ ਸ਼ਬਦ ਅਸਲ ਵਿੱਚ 1713 ਵਿੱਚ ਕਵੀ ਸੈਨਾਪਤ ਨੇ ਵਰਤਿਆ ਸੀ। "ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟਿ ਪੇ ਢਾਪੀ ਚਾਦਰ" ਉਹ ਸਗਲ ਸ੍ਰਿਸ਼ਟੀ ਵਿੱਚ ਸਾਰੇ ਇਲਾਕੇ ਸਾਰੇ ਦੇਸ਼ ਹੀ ਆ ਜਾਣੇ ਹਨ। ਦੁਨੀਆਂ ਦਾ ਹਰ ਮਨੁੱਖ, ਹਰ ਕਬੀਲਾ, ਹਰ ਧਰਮ ਆਪਣੀ ਗੱਲ ਨੂੰ ਵਧਾ ਕੇ ਦੱਸੇਗਾ। ਪਰ ਅਸੀਂ ਘਟਾ ਕੇ ਦੱਸਦੇ ਹਾਂ,ਰਾਮ ਚੰਦਰ ਜੀ ਕੁਛੱਤਰੀ ਸਨ ਬ੍ਰਾਹਮਣ ਨੇ ਉਸਨੂੰ ਅੱਜ ਤੱਕ ਆਪਣਾ ਭਗਵਾਨ ਦੇਵਤਾ ਬਣਾਇਆ ਹੋਇਆ ਹੈ ਜਦੋਂ ਕਿ ਵਰਨ ਵੰਡ ਦੇ ਮੁਤਾਬਿਕ ਬ੍ਰਾਹਮਣ ਉਸ ਤੋਂ ਉੱਤੇ ਹੈ ਤੇ ਕੁਛੱਤਰੀ ਥੱਲੇ ਹੈ। ਸਾਰੀ ਦੁਨੀਆ ਥੱਲੇ ਤੋਂ ਉੱਪਰ ਨੂੰ ਜਾਂਦੀ ਹੈ ਪਰ ਸਿੱਖ ਕੌਮ ਉੱਪਰ ਤੋਂ ਥੱਲੇ ਨੂੰ ਆਉਂਦੀ ਹੈ। ਗੁਰੂ ਸਾਹਿਬ ਸਾਰੀ ਸ੍ਰਿਸ਼ਟੀ ਦੀ ਚਾਦਰ ਹਨ ਨਾ ਕਿ ਹਿੰਦ ਦੀ ਚਾਦਰ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਗੱਦੀ ਤੇ ਬਿਰਾਜਮਾਨ ਹਨ ।ਪਰੰਤੂ ਅਸੀਂ ਗੱਦੀ ਦੇ ਬਰਾਬਰ ਦੂਜਾ ਗ੍ਰੰਥ ਲਾ ਕੇ ਬਿਠਾ ਦਿੱਤੇ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕੋਈ ਗ੍ਰੰਥ, ਕੋਈ ਮਨੁੱਖ, ਕੋਈ ਸਾਧ ਨਹੀਂ ਹੋ ਸਕਦਾ। ਸਾਨੂੰ ਪਤਾ ਹੀ ਨਹੀਂ ਲੱਗਦਾ ਅਸੀਂ ਕੀ ਕਰ ਰਹੇ ਹਾਂ। ਗੁਰਦੁਆਰੇ ਦੇ ਮੁੱਖ ਸੇਵਾਦਾਰ ਨੂੰ ਪ੍ਰਧਾਨ ,ਗ੍ਰੰਥੀ ਸਿੰਘ ਨੂੰ ਵਜ਼ੀਰ, ਗੁਰਦੁਆਰੇ ਨੂੰ ਟੈਂਪਲ, ਗੁਰਦੁਆਰੇ ਨੂੰ ਠਾਠ, ਗੁਰਦੁਆਰਾ ਸਾਹਿਬ ਤੋਂ ਸਾਡੀ ਬਰਾਂਚ, ਬ੍ਰਾਹਮਣ ਸਾਢੇ 3% ਨੂੰ ਵੱਧ ਗਿਣਤੀ ਤੇ 15% ਸਿੱਖ ਨੂੰ ਘੱਟ ਗਿਣਤੀ ਦੱਸਣਾ।ਪ੍ਰਕਾਸ਼ ਧਾਰਨ ਨੂੰ ਅਵਤਾਰ ਧਾਰਿਆ, ਪ੍ਰਕਾਸ਼ ਨੂੰ ਗੁਰੂ ਦਾ ਜਨਮ ਦਿਨ ,ਸ਼ਹਾਦਤ ਨੂੰ ਕੁਰਬਾਨੀ ,ਨਾਮ ਦੇ ਮਗਰ ਸਿੰਘ ਜਾਂ ਕੌਰ ਛੱਡ ਕੇ ਚਾਹਲ, ਵਿਰਕ, ਢਿਲੋ ,ਸੰਧੂ, ਮਾਨ, ਢੇਸੀ, ਜਾਨੀ ਆਪਣੇ ਗੋਤਰ ਲਾਉਣੇ ਚਾਲੂ ਕਰ ਦਿੱਤੇ। ਗੁਰੂ ਸਾਹਿਬ ਨੂੰ ਏ ਆਈ ਨਾਲ ਫੋਟ ਬਣਾ ਕੇ ਦਿਖਾਉਣਾ ਕਿੰਨਾ ਸਹੀ ਕਿੰਨਾ ਗਲਤ ਅੱਜ ਸੋਚਣਾ ਹੋਵੇਗਾ ।ਅਗਰ ਤੇ ਕੋਈ ਫਿਲਮ ਜਾਂ ਸੀਰੀਅਲ ਆਉਂਦਾ ਹੈ ਫਿਰ ਅਸੀਂ ਵਿਰੋਧ ਕਰਨਾ ਹੈ।ਬੰਦ ਕਰਵਾਓਣ ਤੱਕ ਜਾਂਦੇ ਹਾਂ।ਜੇ ਇਸ ਚਾਰ ਮਿੰਟ ਦੀ ਵੀਡੀਓ ਵਿੱਚ ਗੁਰੂ ਸਾਹਿਬ ਨੂੰ ਏਆਈ ਨਾਲ ਤਿਆਰ ਕਰਕੇ ਫੋਟੋ ਲਾਉਂਦਾ ਹੈ ਫਿਰ ਕੋਈ ਗੱਲ ਨਹੀਂ ।ਸਿੱਖ ਕੌਮ ਪਹਿਲਾਂ ਆਪਣਾ ਫੈਸਲਾ ਤਾਂ ਕਰ ਲਵੇ ਕਿ ਸਾਡਾ ਸਟੈਂਡ ਹੈ ਕਿਹੜਾ। ਇਸ ਵਿੱਚ ਲਏ ਹੋਏ ਸ਼ਬਦ ਬਹੁਤ ਹੀ ਘਾਤਕ ਹਨ ।ਜੋ ਕਿ ਗੁਰੂ ਸਾਹਿਬ ਦੀ ਸ਼ਖਸ਼ੀਅਤ ਨੂੰ ਛੋਟਾ ਕਰਦੇ ਹਨ। ਅਸੀਂ ਅਕਸਰ ਕਹਿ ਦਿੰਦੇ ਹਾਂ ਤੇਰੀ ਗੱਲ ਵਿੱਚ ਜਮੀਨ ਅਸਮਾਨ ਦਾ ਫਰਕ ਹੈ। ਸ਼ਬਦਾਂ ਦੀ ਗਲਤ ਚੋਣ ਸ਼ਬਦ ਦਾ ਅਰਥ ਹੀ ਬਦਲ ਦਿੰਦੇ ਹਨ। ਸ਼ਬਦ ਹੈ "ਬੁੱਧੀ" ਬਿਹਾਰੀ ਨੂੰ ਹਟਾ ਦਿਓ ਤੇ ਔਂਕੜ ਲਾ ਦਿਓ ਬਣ ਜਾਂਦਾ ਹੈ "ਬੁੱਧੂ" ਕਿੱਡਾ ਵੱਡਾ ਫਰਕ ਹੈ ਜਮੀਨ ਅਸਮਾਨ ਦਾ। ਇਸੇ ਤਰਾਂ ਸਾਡੇ ਗੁਰੂ ਸਾਹਿਬਾਨਾਂ ਲਈ ਵਰਤੀ ਸ਼ਬਦਾਵਲੀ ਬਹੁਤ ਹੀ ਸਤਿਕਾਰ ਯੋਗ ਹੋਣੀ ਚਾਹੀਦੀ ਹੈ ਸ਼ਬਦਾਂ ਦੀ ਚੋਣ ਕਰਨ ਵੇਲੇ ਜਰੂਰ ਧਿਆਨ ਰੱਖਣਾ ਚਾਹੀਦਾ ਹੈ।

**ਸੁਖਵਿੰਦਰ ਸਿੰਘ**
**+1 (917) 225-2798**







RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated

# ਅਸੀਂ ਲਾਸ਼ਾਂ ਦੇ ਵਿਉਪਾਰੀ

ਅਸੀਂ ਹਾਂ ਲਾਸ਼ਾਂ ਦੇ ਵਿਉਪਾਰੀ,
ਕਮਾਈ ਦਿਨੇ ਰਾਤ ਹੈ ਭਾਰੀ,
ਸਾਨੂੰ ਮੌਕੇ ਰੱਬ ਹੈ ਦਿੰਦਾ,
ਉਸਦੀ ਸਾਡੀ ਪੱਕੀ ਯਾਰੀ।

ਕੌਤਕ ਕੀ ਉਸ ਨੇ ਰਚਾਇਆ,
ਕੋਰੋਨਾ ਦੁਨੀਆ ਉੱਤੇ ਘੁਮਾਇਆ,
ਸਾਰੀ ਖ਼ਲਕਤ ਚੱਕਰ ਵਿੱਚ ਪਾ ਕੇ,
ਸਾਡਾ ਬਣਿਆ ਪਰਉਪਕਾਰੀ।

ਗੋਹੇ ਮੂਤਰ ਵਰਗੀਆਂ ਚੀਜ਼ਾਂ,
ਸਾਡੀਆਂ ਸੋਨੇ ਦੇ ਭਾਅ ਵਿਕੀਆਂ,
ਲਾਸ਼ਾਂ ਢੋਅ ਸਾਡੀਆਂ ਗੱਡੀਆਂ ਨੇ,
ਕੀਤੀ ਖੂਬ ਕਮਾਈ ਭਾਰੀ।

ਉਜੜੇ ਘਰ ਕੌਡਾਂ ਭਾਅ ਲੈਕੇ,
ਕਰੋੜਾਂ ਅਸੀਂ ਕਮਾਏ ਵਾਹਵਾ,
ਜਸ਼ਨ ਮਨਾਏ ਅਸਾਂ ਨੇ ਰੱਜ ਕੇ,
ਸਾਡੀ ਸ਼ਾਨ ਬਣ ਗਈ ਨਿਆਰੀ।

ਲਾਸ਼ਾਂ ਲੱਦੀ ਗੰਗਾ ਦੇ ਵਿੱਚ,
ਅਸੀਂ ਹੱਥ ਧੋਤੇ ਮੁੜ ਮੁੜ ਕੇ,
ਸ਼ਾਇਦ ਮੁੜ ਕੇ ਕਦੀ ਨਾ ਆਵੇ,
ਸਾਡੀ ਮਨ ਭਾਉਂਦੀ ਮਹਾਂਮਾਰੀ।

ਕਰਮ, ਧਰਮ 'ਤੇ ਸ਼ਰਮ ਦੇ ਝੰਜਟ,
ਸਾਡੇ ਲਈ ਸਾਰੇ ਹੀ ਖੋਟੇ,
ਇਨ੍ਹਾਂ ਬਿਨਾ ਅੱਜ ਦੇ ਯੁਗ ਵਿੱਚ,
ਸਾਡੀ ਚੱਲਦੀ ਦੁਨੀਆਦਾਰੀ।

ਚੋਰਾਂ ਕੋਲੋਂ ਸੰਨ੍ਹ ਲਗਵਾ ਕੇ,
ਸੁੱਤੇ ਘਰ ਵਾਲੇ ਜਗਾ ਕੇ,
ਲੁੱਟ ਦਾ ਦੋਹਰਾ ਖੇਲ੍ਹ ਰਚਾਈਏ,
ਕਾਇਮ ਸਦਾ ਆਪਣੀ ਸਰਦਾਰੀ।

ਸਾਡੇ ਵਪਾਰ 'ਚ ਕਦੀ ਨ੍ਹੀਂ ਘਾਟਾ,
ਭਾਵੇਂ ਦੁਨੀਆ ਪਲਟੇ ਪਾਸਾ,
ਪਾਂਸਕੂ ਵਾਲੀ ਤੱਕੜੀ ਸਾਡੀ ਦਾ,
ਪੱਲੜਾ ਰਹਿਣਾ ਸਦਾ ਹੀ ਭਾਰੀ।

ਨਸ਼ੇ ਉਥੇ ਪਹੁੰਚਾ ਸਕਦੇ ਹਾਂ,
ਜਿੱਥੇ ਕਦੀ ਦਵਾਈ ਨਾ ਪਹੁੰਚੇ,
ਪਰਵਾਹ ਨਹੀਂ ਸਾਨੂੰ ਕਿਸੇ ਦੀ,
ਮਰ ਜਾਏ ਭਾਵੇਂ ਦੁਨੀਆ ਸਾਰੀ।

ਅਸੀਂ ਹਾਂ ਲਾਸ਼ਾਂ ਦੇ ਵਿਉਪਾਰੀ,
ਕਮਾਈ ਦਿਨੇ ਰਾਤ ਹੈ ਭਾਰੀ,
ਸਾਨੂੰ ਮੌਕੇ ਰੱਬ ਹੈ ਦਿੰਦਾ,
ਉਸਦੀ ਸਾਡੀ ਪੱਕੀ ਯਾਰੀ।




ਰਵਿੰਦਰ ਸਿੰਘ ਕੁੰਦਰਾ
ਕਵੇਂਟਰੀ ਯੂ.ਕੇ
+44 77487-72308

# ਧੰਨ ਧੰਨ ਬਾਬਾ ਨਾਨਕ ਦੇਵ ਜੀ

ਧੰਨ ਬਾਬਾ ਨਾਨਕ ਦੇਵ ਜੀ ਤੇਰੀ ਅਦੁੱਤੀ ਚੰਗਿਆਈ
ਧੰਨ ਬਾਬਾ ਨਾਨਕ ਦੇਵ ਜੀ ਤੇਰੀ ਵੱਡੀ ਕਮਾਈ।
ਧੰਨ ਬਾਬਾ ਨਾਨਕ ਦੇਵ ਜੀ ਕਿਰਤ ਦੀ ਅਲਖ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਨਾਮ ਜਪਣ ਦੀ ਮਤ ਪਾਈ॥
ਧੰਨ ਬਾਬਾ ਨਾਨਕ ਦੇਵ ਜੀ ਵੰਡ ਛੱਕਣ ਦੀ ਸੋਝੀ ਬਣਾਈ
ਧੰਨ ਬਾਬਾ ਨਾਨਕ ਦੇਵ ਜੀ ਲੋਕਾਈ ਸਿੱਧੇ ਰਾਹ ਪਾਈ।
ਧੰਨ ਬਾਬਾ ਨਾਨਕ ਦੇਵ ਜੀ ਸੱਜਣ ਠੱਗ ਦੀ ਕੀਤੀ ਸੁਧਾਈ
ਧੰਨ ਬਾਬਾ ਨਾਨਕ ਦੇਵ ਜੀ ਸੱਚੇ ਸੌਦੇ ਦੀ ਪਿਰਤ ਬਣਾਈ॥
ਧੰਨ ਬਾਬਾ ਨਾਨਕ ਦੇਵ ਜੀ ਔਰਤਾਂ ਨੂੰ ਬਖਸ਼ੀ ਵਡਿਆਈ
ਧੰਨ ਬਾਬਾ ਨਾਨਕ ਦੇਵ ਜੀ ਸਿੱਖੀ ਸਿਦਕ ਦੀ ਅਲਖ ਜਗਾਈ।
ਧੰਨ ਬਾਬਾ ਨਾਨਕ ਦੇਵ ਜੀ ਹੱਕ ਸੱਚ ਦੀ ਰਮਜ਼ ਸਮਝਾਈ
ਧੰਨ ਬਾਬਾ ਨਾਨਕ ਦੇਵ ਜੀ ਮੱਕੇ ਮਦੀਨੇ ਦਿਸ਼ਾ ਹਿਲਾਈ॥
ਧੰਨ ਬਾਬਾ ਨਾਨਕ ਦੇਵ ਜੀ ਮਰਦਾਨੇ ਤੇ ਬਾਲੇ ਸੰਗ ਨਿਭਾਈ
ਧੰਨ ਬਾਬਾ ਨਾਨਕ ਦੇਵ ਜੀ ਕੌਡੇ ਰਾਖਸ਼ ਨੂੰ ਸ਼ੁੱਧ ਮਤ ਬੁੱਧ ਪਾਈ।
ਧੰਨ ਬਾਬਾ ਨਾਨਕ ਦੇਵ ਜੀ ਖਲਕਤ ਅੰਦਰ ਤਰਕ ਦੀ ਚਿਣਗ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਵੇਈ ਪਾਰ ਧੁਰ ਪ੍ਰੀਤ ਬਣਾਈ॥
ਧੰਨ ਬਾਬਾ ਨਾਨਕ ਦੇਵ ਜੀ ਬਾਣੀ ਦੀ ਦਾਤ ਝੋਲੀ ਪਾਈ
ਧੰਨ ਬਾਬਾ ਨਾਨਕ ਦੇਵ ਜੀ ਵਹਿਮਾਂ ਭਰਮਾਂ ਦੀ ਨੀਂਹ ਹਿਲਾਈ।
ਧੰਨ ਬਾਬਾ ਨਾਨਕ ਦੇਵ ਜੀ ਕੁਦਰਤ ਨਾਲ ਜੋੜੀ ਲੋਕਾਈ
ਧੰਨ ਬਾਬਾ ਨਾਨਕ ਦੇਵ ਜੀ ਵਿਗਿਆਨਕ ਸੋਚ ਅਪਨਾਈ॥
ਧੰਨ ਬਾਬਾ ਨਾਨਕ ਦੇਵ ਜੀ ਪਾਂਧੇ,ਮੌਲਵੀ ਨੂੰ ਗਿਆਨ ਦੀ ਚੇਟਕ ਲਗਾਈ
ਧੰਨ ਬਾਬਾ ਨਾਨਕ ਦੇਵ ਜੀ ਮੇਰੀਆਂ ਭੁੱਲਾਂ ਬਖਸ਼ਾਈ।
ਧੰਨ ਬਾਬਾ ਨਾਨਕ ਦੇਵ ਜੀ ਪਾਂਧਿਆਂ ਦੀ ਦੁਵਿਧਾ ਹਟਾਈ
ਧੰਨ ਬਾਬਾ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਬੇਅੰਤ ਵਧਾਈ।




ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ




ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ।
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
ਰਾਜਿੰਦਰ ਟਾਂਡਾ
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# "ਕੀ ਤੁਸੀਂ ਆਪਣੇ ਘਰ, ਗੱਡੀ, ਪਰਿਵਾਰ ਜਾਂ ਕਾਰੋਬਾਰ ਦੀ ਸੁਰੱਖਿਆ ਲਈ ਇੰਸ਼ੋਰੈਂਸ ਲੱਭ ਰਹੇ ਹੋ ?


FARMERS INSURANCE

## ਨਵਨੀਤ ਕੌਰ
## INSURANCE AGENCY

------------- "ਤੁਹਾਡਾ ਸੁਆਗਤ ਹੈ" -------------

"ਅਸੀਂ ਤੁਹਾਡੀ ਹਰ ਲੋੜ ਲਈ ਇੰਸ਼ੋਰੈਂਸ ਪੌਲਿਸੀਆਂ ਵੇਚਦੇ ਹਾਂ, ਜਿਵੇਂ :

- ਆਟੋ





- ਹੋਮ



- ਲਾਈਫ



- ਵਪਾਰਕ ਇੰਸ਼ੋਰੈਂਸ



"ਸਾਡੇ ਕੋਲ ਖੇਤਾਂ, ਪਹਾੜਾਂ ਅਤੇ ਕਸਟਮ ਬਿਲਡ ਘਰਾਂ ਦੀ ਵੀ ਇੰਸ਼ੋਰੈਂਸ ਉਪਲਬਧ ਹੈ ਇਸ ਤੋਂ ਇਲਾਵਾ, ਅਸੀਂ ਨੌਨ-ਸਟੈਂਡਰਡ ਆਟੋ ਪੌਲਿਸੀਜ਼ ਵੀ ਕਰਦੇ ਹਾਂ!"

**Get a free Quote**



KANWALJIT SINGH
(Insurance Agent)

## "ਸਾਡੇ ਨਾਲ ਸੰਪਰਕ ਕਰੋ :

ਫ਼ੋਨ ਨੰਬਰ: (209) 672-4539

ਪਤਾ :- 17416 Murphy Pkwy, Lathrop, CA 95330

ਨਵਨੀਤ ਕੌਰ ਫਾਰਮਰ ਇੰਸ਼ੋਰੈਂਸ – ਜਿੱਥੇ ਤੁਹਾਡੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ!"

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899     (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260